SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 176 Website : www.punjabiakhbaar.ca Email: editor@punjabiakhbaar.ca Friday, 23 July 2021

## ਕਨੇਡਾ-ਭਾਰਤ ਸਿੱਧੀਆਂ ਉਡਾਣਾਂ ਉੱਪਰ ਲੱਗੀ ਪਾਬੰਦੀ 21 ਅਗਸਤ ਤੱਕ ਵਧਾ ਦਿੱਤੀ ਗਈ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਨੇ ਭਾਰਤ ਤੋਂ ਆਉਣ ਅਤੇ ਉੱਧਰ ਜਾਣ ਵਾਲੀਆਂ ਡਾਇਰੈਕਟ ਜਾਂ ਸਿੱਧੀਆਂ ਉਡਾਨਾਂ ਉੱਪਰ ਲੱਗੀ ਪਾਬੰਦੀ 21 ਅਗਸਤ ਤੱਕ ਵਧਾ ਦਿੱਤੀ ਹੈ। ਕੈਨੇਡਾ ਸਰਕਾਰ ਨੇ ਇਹ ਪਾਬੰਦੀ 22 ਅਪ੍ਰੈਲ ਨੂੰ ਲਾਗੂ ਕੀਤੀ ਸੀ। ਦੇਸ਼ ਦੇ ਟ੍ਰਾਂਸਪੋਰਟ ਮਨਿਸਟਰ ਓਮਰ ਐਲਗ਼ੈਬਰਾ ਨੇ ਐਲਾਨ ਕੀਤਾ ਕਿ ਕੋਰੋਨਾ ਵਾਇਰਸ ਦਾ ਡੈਲਟਾ ਵੇਰੀਐਂਟ ਬਹੁਤ ਖ਼ਤਰਨਾਕ ਹੈ ਅਤੇ ਮਾਹਿਰਾਂ ਦੀ ਰਾਇ ਮੁਤਾਬਕ ਹੀ ਇਹ ਫਾਇਟਾਂ ਰੱਦ ਰੱਖੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਭਾਰਤ ਵਿੱਚ ਇਸ ਵੇਰੀਐਂਟ ਨੂੰ ਲੈ ਕੇ ਅਜੇ ਵੀ ਹਾਲਤ ਵਧੀਆ ਨਹੀਂ ਹੈ ਜਿਸ ਕਰਕੇ ਇਹ ਫੈਸਲਾ ਲਿਆ ਗਿਆ ਹੈ। ਅਜੇ ਵੀ ਭਾਰਤ ਤੋਂ ਆਉਣ ਵਾਲੇ ਵਿਅਕਤੀ ਕਿਸੇ ਤੀਜੇ ਦੇਸ਼ ਰਾਹੀਂ ਕੈਨੇਡਾ ਆ ਸਕਦੇ ਹਨ ਪਰ ਉਹਨਾਂ ਨੂੰ ਤੀਸਰੇ ਦੇਸ਼ ਤੋਂ ਟੈਸਟ ਕਰਵਾ ਕੇ ਉਸ ਦੀ ਨੈਗੇਟਿਵ ਰਿਪੋਰਟ ਹਾਸਲ ਕਰਕੇ ਹੀ ਕੈਨੇਡਾ ਆਉਣ ਦੀ ਆਗਿਆ ਹੋਵੇਗੀ। ਪੂਰੀ ਤਰ੍ਹਾਂ ਵੈਕਸਿਨੇਟ ਹੋ ਚੁੱਕੇ ਦੁਨੀਆ ਦੇ ਹੋਰਨਾਂ ਦੇਸ਼ਾਂ ਤੋਂ ਲੋਕ 7 ਸਤੰਬਰ ਤੋਂ ਕੈਨੇਡਾ ਵਿੱਚ ਆ ਸਕਣਗੇ। ਪੂਰੀ ਤਰ੍ਹਾਂ ਵੈਕਸਿਨੇਟ ਹੋ ਚੁੱਕੇ ਅਮੈਰਿਕਨਾਂ ਨੂੰ ਇਹ ਆਗਿਆ ਆਉਂਦੀ 9 ਅਗਸਤ ਤੋਂ ਦਿੱਤੀ ਜਾ ਰਹੀ ਹੈ। ਉਹਨਾਂ ਨੂੰ ਕੈਨੇਡਾ ਵਿੱਚ ਆਉਣ ਮਗਰੋਂ 2 ਹਫ਼ਤਿਆਂ ਲਈ ਕੁਐਰੈਂਟੀਨ ਵੀ ਨਹੀਂ ਹੋਣਾ ਪਵੇਗਾ। ਪਰ ਹਾਲੇ ਤੱਕ ਅਮੈਰਿਕਾ ਵੱਲੋਂ ਕੈਨੇਡੀਅਨ ਨਾਗਰਿਕਾਂ ਅਤੇ ਪਰਮਾਨੈਂਟ ਰੈਜ਼ਿਡੈਂਟਸ ਵਾਸਤੇ ਅਜਿਹਾ ਕੋਈ ਐਲਾਨ ਨਹੀਂ ਕੀਤਾ ਗਿਆ ਹੈ।

## ਜਪਾਨ ਵਿੱਚ ਓਲੰਪਿਕ ਖੇਡਾਂ ਦੀਆਂ ਤਿਆਰੀਆਂ ਤਾਂ ਹਨ ਪਰ ਮਾਹੌਲ ਮਾਤਮੀ ਜਿਹਾ ਹੈ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਜਾਪਾਨ ਦੀ ਰਾਜਧਾਨੀ ਟੋਕਿਓ ਵਿੱਚ ਓਲੰਪਿਕ ਖੇਡਾਂ ਕਰਵਾਏ ਜਾਣ ਦੀ ਤਿਆਰੀ ਹੈ। ਕੋਵਿਡ-19 ਮਹਾਮਾਰੀ ਦਰਮਿਆਨ ਖਿਡਾਰੀਆਂ ਨੂੰ ਇੱਕ ਦੂਜੇ ਤੋਂ ਦੂਰ ਰੱਖਣ ਅਤੇ ਦਰਸ਼ਕਾਂ ਨੂੰ ਸਟੇਡੀਅਮਾਂ ਤੋਂ ਦੂਰ ਰੱਖਣ ਦੇ ਉਚੇਚਾ ਪ੍ਰਬੰਧ ਕੀਤੇ ਗਏ ਹਨ। ਟੋਕਿਓ ਵਿੱਚ ਪੈਨਡੈਮਿਕ ਨੂੰ ਵੇਖਦਿਆਂ ਐਮਰਜੰਸੀ ਨਾਫਿਜ਼ ਕੀਤੀ ਜਾ ਚੁੱਕੀ ਹੈ।

ਸਾਰੀਆਂ ਟੀਮਾਂ ਪਹੁੰਚ ਚੁੱਕੀਆਂ ਹਨ। ਸਾਲ 2020 ਵਿੱਚ ਜਦੋਂ ਜਪਾਨ ਨੂੰ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਮਿਲੀ ਸੀ ਤਾਂ ਪੂਰੇ ਦੇਸ਼ ਵਿੱਚ ਜ਼ਸ਼ਨ ਮਨਾਏ ਗਏ ਸਨ ਪਰ ਹੁਣ ਜਦੋਂ ਕਿ ਇਹ ਖੇਡਾਂ ਸ਼ੁਰੂ ਹੋਣ ਵਾਲੀਆਂ ਹਨ, ਮਾਹੌਲ ਮਾਤਮ ਵਰਗਾ ਬਣਿਆ ਹੋਇਆ ਹੈ।

## ਪੂਰੀ ਤਰ੍ਹਾਂ ਵੈਕਸਿਨੇਟ ਹੋ ਚੁੱਕੇ ਵਿਅਕਤੀਆਂ ਨੂੰ ਕੈਨੇਡਾ ਆਉਣ ਦਾ ਆਗਿਆ ਦਿੱਤੇ ਜਾਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ : ਟਰੂਡੋ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਸਪਸ਼ਟ ਕੀਤਾ ਹੈ ਕਿ ਜਿਹੜੇ ਵੀ ਵਿਦੇਸ਼ੀ ਸੈਲਾਨੀ ਕੈਨੇਡਾ ਆਉਣਾ ਚਾਹੁੰਦੇ ਹਨ, ਉਹਨਾਂ ਦੇ ਵੈਕਸਿਨੇਸ਼ਨ ਦੀਆਂ ਦੋਵੇਂ ਡੋਜ਼ਿਜ਼ ਲੱਗ ਚੁੱਕੀਆਂ ਹੋਣ ਦਾ ਸਬੂਤ ਨਾ ਹੋਇਆ ਤਾਂ ਉਹਨਾਂ ਨੂੰ ਕੈਨੇਡਾ ਵਿੱਚ ਆਉਣ ਦੀ ਆਗਿਆ ਨਹੀਂ ਮਿਲੇਗੀ। ਉਹਨਾਂ ਕਿਹਾ ਕਿ ਦੇਸ਼ ਦੇ ਬੌਰਡਰਾਂ ਨੂੰ ਸਾਵਧਾਨੀ ਨਾਲ ਖੋਲ੍ਹਣ 'ਤੇ ਵਿਚਾਰ ਹੋ ਰਿਹਾ ਹੈ ਪਰ ਵਾਇਰਸ ਦੀ ਗੰਭੀਰਤਾ ਤੇ ਇਨਫੈਕਸ਼ਿਅਨ ਹੋਣ ਨੂੰ ਵੇਖਦਿਆਂ ਪ੍ਰਬੰਧਾਂ ਵਿੱਚ ਢਿੱਲ ਨਹੀਂ ਦਿੱਤੀ ਜਾ ਸਕਦੀ। ਕੋਕੁਇਟਲਮ, ਬੀਸੀ ਵਿੱਚ ਪਹੁੰਚੇ ਪ੍ਰਾਇਮ ਮਨਿਸਟਰ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਪੂਰੀ ਤਰ੍ਹਾਂ ਵੈਕਸਿਨੇਟ ਹੋ ਚੁੱਕੇ ਵਿਅਕਤੀਆਂ ਨੂੰ ਕੈਨੇਡਾ ਆਉਣ ਦਾ ਆਗਿਆ ਦਿੱਤੇ ਜਾਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉੱਧਰ ਕਈ ਐਡਵੋਕੇਸੀ ਗਰੁਪਾਂ ਨੇ ਮੰਗ ਕੀਤੀ ਹੈ ਕਿ ਪ੍ਰਾਇਮ ਮਨਿਸਟਰ ਟਰੂਡੋ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੀ ਐਕਨੌਮਿਕ ਰਿਕਵਰੀ ਵੱਲ ਧਿਆਨ ਦੇਣ ਨਾ ਕਿ ਫੈਡਰਲ ਚੋਣਾਂ ਵੱਲ॥ਇਹ ਸਮਾਂ ਚੋਣਾਂ ਦਾ ਨਹੀਂ ਹੈ। ਦੂਜੇ ਪਾਸੇ ਸਾਰੇ ਦੇਸ਼ ਵਿੱਚ ਚੋਣਾਂ ਦੀ ਘੁਸਰ-ਫੁਸਰ ਸ਼ੁਰੂ ਹੋ ਚੁੱਕੀ ਹੈ ਤੇ ਉਮੀਦਵਾਰ ਚੁਣੇ ਜਾਣ ਦਾ ਸਿਲਸਿਲਾ ਤੇਜ਼ ਹੋ ਗਿਆ ਹੈ।

## ਈਦ ਤੋਂ ਪਹਿਲਾਂ ਹੋਏ ਧਮਾਕੇ ਵਿੱਚ 25 ਲੋਕ ਮਰੇ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਇਰਾਕ ਦੀ ਰਾਜਧਾਨੀ ਬਗ਼ਦਾਦ ਵਿੱਚ ਈਦ ਤੋਂ ਇੱਕ ਦਿਨ ਪਹਿਲਾਂ ਹੋਏ ਇੱਕ ਬੰਬ ਧਮਾਕੇ ਵਿੱਚ ਘੱਟੋ ਘੱਟ 25 ਲੋਕ ਮਾਰੇ ਗਏ ਹਨ ਤੇ ਦਰਜਨਾਂ ਹੋਰਨਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। ਇਹ ਧਮਾਕਾ ਭੀੜ ਭਰੇ ਅਲ-ਵੁਹਾਲਿਅਤ ਬਾਜ਼ਾਰ ਵਿੱਚ ਹੋਇਆ ਤੇ ਲੋਕ ਉਸ ਸਮੇਂ ਈਦ ਦੀ ਖ਼ਰੀਦਾਰੀ ਕਰਨ ਲਈ ਗਏ ਹੋਏ ਸਨ। ਆਈ ਐਸ ਨੇ ਇਸ ਹਮਲੇ ਦੀ ਜ਼ਿੰਮੇਦਾਰੀ ਆਪਣੇ ਉੱਪਰ ਲਈ ਹੈ।

## ਬਿਜਲੀ ਡਿੱਗਣ ਕਾਰਣ 50 ਦੇ ਲੱਗਪਗ ਜਾਨਾਂ ਮੌਤ ਦੇ ਮੂੰਹ ਜਾ ਪਈਆਂ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਉੱਤਰ ਪ੍ਰਦੇਸ਼ ਵਿੱਚ ਅਤੇ ਰਾਜਸਥਾਨ ਵਿੱਚ ਅਸਮਾਨੀ ਬਿਜਲੀ ਡਿੱਗਣ ਕਾਰਨ ਦਰਜਨਾਂ ਲੋਕਾਂ ਦੀ ਮੌਤ ਹੋ ਗਈ ਹੈ। ਉੱਤਰ ਪ੍ਰਦੇਸ਼ ਵਿੱਚ ਕਈ ਥਾਂਈਂ ਬਿਜਲੀ ਡਿੱਗੀ ਹੈ ਜਿਸ ਕਾਰਨ 40 ਵਿਅਕਤੀ ਮਾਰੇ ਗਏ ਹਨ। ਰਾਜਸਥਾਨ ਵਿੱਚ ਆਮੇਰ ਦੇ ਕਿਲੇ ਨੇੜੇ ਸੈਲਫੀ ਲੈ ਰਹੇ ਇੱਕ ਗਰੁੱਪ ਉੱਪਰ ਬਿਜਲੀ ਡਿੱਗਣ ਕਾਰਨ 8 ਵਿਅਕਤੀਆਂ ਦੀ ਮੌਤ ਹੋ ਗਈ ਹੈ। ਕਈ ਜਾਨਵਰਾਂ ਦੇ ਵੀ ਮਾਰੇ ਜਾਣ ਦੀ ਸੂਚਨਾ ਹੈ। ਉੱਧਰ ਹਿਮਾਚਲ ਪ੍ਰਦੇਸ਼ ਵਿੱਚ ਧਰਮਸ਼ਾਲਾ ਨੇੜੇ ਬੱਦਲ ਫ਼ਟ ਗਿਆ ਜਿਸ ਕਾਰਨ ਅਚਾਨਕ ਆਏ ਹੜ੍ਹ ਵਿੱਚ ਦਰਜਨਾਂ ਗੱਡੀਆਂ ਰੁੜ੍ਹ ਗਈਆਂ ਤੇ ਪ੍ਰੌਪਰਟੀ ਨੂੰ ਭਾਰੀ ਨੁਕਸਾਨ ਪੁੱਜਾ ਹੈ। ਕਈ ਸੜਕਾਂ ਰੁੜ੍ਹ ਗਈਆਂ ਹਨ ਤੇ ਲੋਕਾਂ ਦੇ ਫਸੇ ਹੋਣ ਦੀ ਸੂਚਨਾ ਹੈ।

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797
PunjabiAkhbaar.ca

Barinder Ubhi
Realtor
C (204)807-5013
E babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

Sukhbaz Deol
Financial Advisor
(204)998-7511
SAHARA INSURANCE GROUP
Visitor / Travel Insurance / Life Insurance
Super Visa Insurance / RRSP / RESP / Investments

ਸਟਾਈਲ ਇੰਡੀਆ
ਬਾਲੀਵੁੱਡ ਕਲੈਕਸ਼ਨ ਵਿੰਨੀਪੈਗ
STYLE India
BOLLYWOOD COLLECTION
• Latest Boutique suits
• Heavy Phulkari
• Frock suits
• Shimmer and Shunil suits
• Super soft blankets
ਇੰਡੀਆ ਨੂੰ ਪੈਸੇ ਭੇਜਣ ਲਈ ਵਧੀਆ ਰੇਟ
MoneyGram money transfer
ਪਾਸਪੋਰਟ ਸਾਈਜ ਫੋਟੋ ਸਿਰਫ 10 ਡਾਲਰ
ਨਵੇਂ ਨਵੇਂ ਬੁਟੀਕ ਦੇ ਸੂਟ, ਭਾਰੀ ਫੁਲਕਾਰੀਆਂ, ਫਰਾਕ ਸੂਟ, ਸ਼ਿਮਰ ਐਂਡ ਸ਼ੁਨੀਲ ਸੂਟ, ਸੁਪਰ ਸੌਫਟ ਕੰਬਲ
102 Mandalay Dr. Winnipeg
(204) 632-9999

Yadwinder Deol
Realtor
MAXIMUM REALTY
ਘਰ ਵੇਚਣ ਜਾਂ ਖਰੀਦਣ ਲਈ ਸੰਪਰਕ ਕਰੋ !
Call TODAY to buy or sell your house
(204)803-2811

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance, Mortgage Insurance, Critical Illness Insurance, Life Insurance, Disability Insurance, Visitor Insurance, Dental & Health Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EWL EAST TO WEST LEASING
TRUCK/TRAILER & EQUIPMENT FINANCING
C 204-688-6486
100 MANDALAY DRIVE, WINNIPEG, MB
All Kind of Mortgages Saving You Both Time & Money
THE MORTGAGE WORLD
Lowest Rates Guaranteed

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
we are
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LePAGE
Call: 204.227.5758
Email: rajsandhu1@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770




COPPERSTONE AT COPPERFIELD

# BRAND NEW HOME STYLES ARRIVING JULY 24TH



## MODERN SINGLE FAMILY HOMES

- 2,015 to 2,508 sq. ft.
- 3-4 bedrooms with bonus room
- 2-3 bathrooms
- Legal basement suite option

**STARTING FROM LOW $500 (INCL.GST)**

## EXECUTIVE SINGLE FAMILY HOMES

- 2,508 to 2,934 sq. ft.
- 3-4 bedrooms with bonus room
- 2-3 bathrooms
- Walk-out basement with options to add a legal basement suite with separate entrance

**STARTING FROM LOW $600 (INCL.GST)**

## PRE-SALES INCENTIVE ON NOW

For a limited time receive blinds, washer/dryer, luxury vinyl plank flooring + upgraded slide-In range and fridge with water/ice dispenser worth over $9,000* included in your purchase price.

VESTA PROPERTIES

587.352.4266
COPPERSTONELIVING.COM

SHOWHOMES & SALES CENTRE
1233 Copperfield Boulevard SE
Calgary AB

Monday - Wednesday: 2 - 8 PM
Sat, Sun & Holidays: 12 - 5 PM
Thursday & Friday: by appointment

*Incentive value of $9,000 is an estimated price only and can be cancelled or modified without notice.

# ਸਸਤੀ ਚਾਇਲਡ ਕੇਅਰ ਸਹੂਲਤ ਲਈ ਡਾ: ਜੋਤੀ ਗੌਂਡੇਕ ਵੱਲੋਂ ਨੋਟਿਸ ਔਫ਼ ਮੋਸ਼ਨ ਪੇਸ਼ ਕਰਨ ਦਾ ਫੈਸਲਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਵਰਾਡ 3 ਤੋਂ ਕੌਂਸਲਰ ਅਤੇ ਮੇਅਰ ਦੇ ਅਹੁਦੇ ਦੀ ਉਮੀਦਵਾਰ ਡਾ, ਜੋਤੀ



ਗੌਂਡੇਕ ਨੇ ਆਪਣੇ ਦੋ ਸਾਥੀ ਕੌਂਸਲਰਾਂ ਡ੍ਰੂ ਫੈਰੁੱਲ ਅਤੇ ਜਾਇਨ ਕਾਰਲੋ ਕਰਾ ਦੇ ਨਾਲ ਮਿਲ ਕੇ ਇੱਕ ਨੋਟਿਸ ਔਫ਼ ਮੋਸ਼ਨ ਪੇਸ਼ ਕਰਨ ਦਾ ਫੈਸਲਾ ਕੀਤਾ ਹੈ ਜਿਸ ਰਾਹੀਂ ਸ਼ਹਿਰ ਵਿੱਚ ਆਸਨੀ ਨਾਲ ਮਿਲਣ ਵਾਲੀ ਸਸਤੀ ਚਾਇਲਡ ਕੇਅਰ ਸਹੂਲਤ ਦਿੱਤੀ ਜਾ ਸਕੇ। ਡਾ. ਗੌਂਡੇਕ ਨੇ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ ਫੈਡਰਲ ਸਰਕਾਰ ਵੱਲੋਂ 10 ਡਾਲਰ ਪ੍ਰਤੀ ਦਿਨ ਦੇ ਖ਼ਰਚੇ ਵਾਲੀ ਚਾਇਲਡ ਕੇਅਰ ਸਹੂਲਤ ਦਿੱਤੇ ਜਾਣ ਦੇ ਪ੍ਰੋਗਰਾਮ ਨੂੰ ਐਲਬਰਟਾ ਵਿੱਚ ਵੀ ਲਿਆਂਦਾ ਜਾ ਸਕਦਾ ਹੈ। ਜੇ ਇਹ ਮੋਸ਼ਨ ਪਾਸ ਹੋ ਜਾਂਦਾ ਹੈ ਤਾਂ ਸਿਟੀ ਕੌਂਸਲ, ਪ੍ਰਸ਼ਾਸਨ ਨੂੰ ਕਹੇਗੀ ਕਿ ਉਹ ਰਸਤਾ ਲੱਭੇ ਜਿਸ ਤਹਿਤ ਸ਼ਹਿਰ ਵਾਸੀਆਂ ਨੂੰ ਇਹ ਸਹੂਲਤ ਦਿੱਤੀ ਜਾ ਸਕੇ। ਇਸ ਤਹਿਤ ਫੈਡਰਲ ਫੰਡ ਹਾਸਲ ਕੀਤੇ ਜਾ ਸਕਣਗੇ ਤੇ ਸੂਬਾ ਸਰਕਾਰ ਅਤੇ ਸਿਟੀ ਦਰਮਿਆਨ ਪੈਣ ਵਾਲੇ ਖੱਪੇ ਨੂੰ ਦੂਰ ਕਰਨ ਲਈ ਯੋਜਨਾ ਬਣਾਈ ਜਾ ਸਕੇਗੀ। ਕੌਂਸਲ ਗੌਂਡੇਕ ਨੇ ਕਿਹਾ ਕਿ ਸਿਟੀ ਵੱਲੋਂ ਆਪਣੇ ਤੌਰ 'ਤੇ ਵੀ ਇਸ ਪ੍ਰੋਗਰਾਮ ਨੂੰ ਜੇ ਦਸ ਡਾਲਰ ਪ੍ਰਤੀ ਦਿਨ ਨਾ ਵੀ ਚਲਾਇਆ ਜਾ ਸਕੇ ਤਾਂ ਵੀ ਸੂਬੇ ਦੇ ਬਾਕੀ ਸ਼ਹਿਰਾਂ ਦੇ ਮੁਕਾਬਲੇ ਕਾਫੀ ਸਸਤਾ ਕੀਤਾ ਜਾ ਸਕਦਾ ਹੈ।


# ਪੰਜਾਬ ਲਈ ਕਿਸਾਨੀ ਮੋਰਚਾ ਚੋਣਾਂ ਨਾਲ਼ੋਂ ਵੱਧ ਜ਼ਰੂਰੀ ਹੈ : ਅਮਰਪ੍ਰੀਤ ਬੈਂਸ



ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ ) ਪੰਜਾਬ 'ਚ ਜੋ ਮਹੌਲ ਇਸ ਸਮੇਂ ਸਿਆਸੀ ਲੋਕਾਂ ਨੇ ਬਣਾਇਆ ਹੋਇਆ ਹੈ, ਇਸ ਦੀ ਹਾਲੇ ਜ਼ਰੂਰਤ ਨਹੀਂ ਸੀ ਕਿਉਂਕਿ ਸੂਬੇ ਦੀਆਂ ਚੋਣਾਂ 'ਚ ਫ਼ਿਲਹਾਲ ਬਹੁਤ ਸਮਾਂ ਪਿਆ ਹੈ, ਜਿਸ ਲਈ ਸਾਨੂੰ ਅਜੇ ਕਿਸਾਨ ਮੋਰਚੇ 'ਤੇ ਆਪਣਾ ਧਿਆਨ ਰੱਖਣਾ ਚਾਹੀਦਾ ਹੈ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਨੇਡਾ ਦੇ ਕੈਲਗਰੀ ਸ਼ਹਿਰ ਤੋਂ ਕਾਰੋਬਾਰੀ ਅਮਰਪ੍ਰੀਤ ਸਿੰਘ ਬੈਂਸ ਹੁਰਾਂ ਨੇ ਕੀਤਾ।

ਉਨ੍ਹਾਂ ਕਿਹਾ ਕਿ ਇਹ ਇਕੱਲਾ ਪੰਜਾਬ ਦਾ ਮੋਰਚਾ ਹੀ ਨਹੀਂ ਹੈ ਜਿਸ ਦੀ ਅਸੀਂ ਅਗਵਾਈ ਕਰ ਰਹੇ ਹਾਂ ਸਾਨੂੰ ਪੂਰੇ ਦੇਸ਼ ਦੇ ਕਿਸਾਨਾਂ ਨੇ ਅੱਗੇ ਲਗਾਇਆ ਹੈ ਜਿਸ ਲਈ ਸਾਡੀ ਤੇ ਸਾਡੇ ਕਿਸਾਨ ਆਗੂਆਂ ਦੀ ਜ਼ੁੰਮੇਵਾਰੀ ਹੋਰ ਵੀ ਜ਼ਿਆਦਾ ਵੱਧ ਹੋ ਜਾਂਦੀ ਹੈ, ਸਾਨੂੰ ਕਿਸਾਨ ਮੋਰਚੇ ਵੱਲੋਂ ਲਏ ਜਾ ਰਹੇ ਫ਼ੈਸਲਿਆਂ ਦਾ ਸਤਿਕਾਰ ਤੇ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਸਿਆਸੀ ਲੋਕਾਂ ਬਾਰੇ ਵੀ ਕਿਹਾ ਕਿ ਉਹ ਜੇ ਅੱਜ ਕਿਸਾਨਾਂ ਦੇ ਹੱਕ 'ਚ ਨਾ ਖੜ੍ਹੇ ਹੋਏ ਤੇ ਕਿਸਾਨ ਮੋਰਚਾ ਹਾਰ ਗਏ ਤਾਂ ਇਹ ਇਕੱਲੀ ਕਿਸਾਨ ਦੀ ਹਾਰ ਨਹੀਂ ਸਗੋਂ ਪੰਜਾਬ ਦੀ ਹਾਰ ਹੋਵੇਗੀ ਜੋ ਅੱਜ ਤੱਕ ਕਿਸੇ ਤੋਂ ਨਹੀਂ ਹਾਰਿਆ। ਉਨ੍ਹਾਂ ਕਿਹਾ ਹੁਣ ਕੇਂਦਰ ਸਰਕਾਰ ਦਾ ਸੈਸ਼ਨ ਸ਼ੁਰੂ ਹੋ ਰਿਹਾ ਹੈ ਜਿਸ ਦੌਰਾਨ ਕਿਸਾਨਾਂ ਨੂੰ ਵੀ ਉਮੀਦ ਹੈ ਕਿ ਵਿਰੋਧੀ ਧਿਰਾਂ ਕਿਸਾਨੀ ਮੋਰਚੇ 'ਤੇ ਮੋਦੀ ਸਰਕਾਰ ਨੂੰ ਘੇਰਨਗੀਆਂ। ਮੋਰਚੇ ਦੌਰਾਨ ਸ਼ਹੀਦ ਹੋਣ ਵਾਲੇ ਕਿਸਾਨਾਂ ਬਾਰੇ ਉਨ੍ਹਾਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਸੀਂ ਸ਼ਹੀਦ ਪਰਿਵਾਰਾਂ ਦੇ ਨਾਲ ਹਰ ਪੱਖ ਤੋਂ ਖੜ੍ਹੇ ਹੋਣ ਲਈ ਤਿਆਰ ਹਾਂ ਕਿਸੇ ਵੀ ਤਰਾਂ ਦੀ ਮਦਦ ਲਈ ਜਿੱਥੇ ਵੀ ਸਾਡੀ ਜ਼ਰੂਰਤ ਹੋਈ ਅਸੀਂ ਜ਼ਰੂਰ ਹਾਜ਼ਰ ਹੋਵਾਂਗੇ।

# ਅਲਬਰਟਾ ਵਾਸੀਆਂ ਨੂੰ 60 ਪ੍ਰਤੀਸਤ ਦੇ ਨੇੜੇ ਦੋਵੇਂ ਡੋਜ਼ ਲੱਗ ਚੁੱਕੀਆਂ ਹਨ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ 70% ਲੋਕਾਂ ਵੱਲੋਂ ਵੈਕਸਿਨ ਹਾਸਲ ਕਰ ਲਏ ਜਾਣ ਮਗਰੋਂ ਸਾਰੀਆਂ ਸਿਹਤ ਪਾਬੰਦੀਆਂ ਹਟਾ ਲਏ ਜਾਣ ਮਗਰੋਂ ਸੂਬਾ ਵਾਸੀਆਂ ਵਿੱਚ ਵੈਕਸਿਨ ਲੈਣ ਦੇ ਰੁਝਾਣ ਵਿੱਚ ਭਾਰੀ ਕਮੀ ਦਰਜ ਕੀਤੀ ਜਾ ਰਹੀ ਹੈ। 19 ਜੁਲਾਈ ਤੱਕ ਸੂਬੇ ਵਿੱਚ 74.8% ਲੋਕਾਂ ਵੱਲੋਂ ਵੈਕਸਿਨ ਦੀ ਘੱਟੋ ਘੱਟ ਇੱਕ ਡੋਜ਼ ਲਈ ਜਾ ਚੁੱਕੀ ਦਰਜ ਹੋਈ ਹੈ ਜਦੋਂ ਕਿ 59.7% ਨੇ ਦੋਵੇਂ ਡੋਜ਼ ਹਾਸਲ ਕਰ ਲਈਆਂ ਹਨ। ਯੂਨਿਵਰਸਿਟੀ ਔਫ਼ ਸੈਸਕੈਚੇਵਾਨ ਦੇ ਕਮਿਊਨਿਟੀ ਹੈਲਥ ਐਂਡ ਐਪਿਡੋਮੋਲੋਜੀ ਦੇ ਪ੍ਰੋਫੈਸਰ, ਡਾ. ਨਜ਼ੀਮ ਮੁਹਾਜਰੀਨ ਦਾ ਕਹਿਣਾ ਹੈ ਕਿ ਲੱਗਦਾ ਹੈ ਐਲਬਰਟਾ ਅਤੇ ਸੈਸੇਕੈਚੇਵਾਨ ਵਿੱਚ ਲੋਕਾਂ ਨੇ ਪਰਵਾਹ ਕਰਨੀ ਛੱਡ ਦਿੱਤੀ ਹੈ ਤੇ ਵੈਕਸਿਨ ਦਾ ਰੁਝਾਨ ਘਟ ਗਿਆ ਹੈ। ਯੂਨਿਵਰਸਿਟੀ ਔਫ਼ ਵੌਟਰਲੂ ਦੇ ਐਪਿਡੈਮੋਲੋਜਿਸਟ ਡਾ. ਜ਼ਾਹਿਦ ਬੱਟ ਦਾ ਕਹਿਣਾ ਹੈ ਕਿ ਵੈਕਸਿਨ ਲੈਣ ਵਿੱਚ ਆਈ ਇਹ ਖੜੋਤ ਚੰਗਾ ਸੰਕੇਤ ਨਹੀਂ ਹੈ ਤੇ ਇਸ ਖੜੋਤ ਨੂੰ ਤੋੜਨਾ ਬਹੁਤ ਜ਼ਰੂਰੀ ਹੈ। ਐਲਬਰਟਾ ਵਿੱਚ ਲੋਕ ਰੁਝਾਨ ਵਧਾਉਣ ਲਈ ਲਾਟਰੀ ਦਾ ਐਲਾਨ ਕੀਤਾ ਗਿਆ ਤੇ ਉਸ ਮਗਰੋਂ ਵੀ ਇਸ ਸੰਬੰਧੀ ਇਨਾਮਾਂ ਵਿੱਚ ਚੋਖਾ ਵਾਧਾ ਕੀਤਾ ਗਿਆ ਪਰ ਵੈਕਸਿਨ ਪ੍ਰਤੀ ਨਕਾਰਾਤਮਕ ਰੁਝਾਣ ਟੁੱਟ ਨਹੀਂ ਸਕਿਆ ਹੈ। ਉੱਧਰ ਐਲਬਰਟਾ ਹੈਲਥ ਸਰਵਿਸਿਜ਼ ਦਾ ਕਹਿਣਾ ਹੈ ਕਿ ਹਰ ਰੋਜ਼ ਹਜ਼ਾਰਾਂ ਲੋਕਾਂ ਨੂੰ ਵੈਕਸਿਨ ਦਿੱਤੀ ਜਾ ਰਹੀ ਹੈ ਤੇ ਅਗਲੇ 14 ਦਿਨਾਂ ਲਈ ਢਾਈ ਲੱਖ ਲੋਕਾਂ ਦੀ ਵੈਕਸਿਨ ਵਾਸਤੇ ਬੁਕਿੰਗ ਹੋ ਚੁੱਕੀ ਹੈ।

# ਸਟੈਂਪੀਡ ਨੇ ਵਪਾਰਿਕ ਅਦਾਰਿਆਂ ਨੂੰ ਦਿੱਤਾ ਹੁਲਾਰਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਟੈਂਪੀਡ ਨੇ ਸ਼ਹਿਰ ਦੇ ਕਈ ਬਿਜ਼ਨਿਸਾਂ ਵਾਸਤੇ ਲਾਇਫ-ਲਾਇਨ ਦਾ ਕੰਮ ਕੀਤਾ ਹੈ ਤੇ ਪਿਛਲੇ 16-17 ਮਹੀਨਿਆਂ ਤੋਂ ਤੰਗੀ ਦਾ ਸਾਹਮਣਾ ਕਰਦੇ ਆ ਰਹੇ ਕਈ ਵਪਾਰਕ ਅਦਾਰਿਆਂ ਨੇ ਸੁਖ ਦਾ ਸਾਹ ਲਿਆ ਹੈ। ਦੱਸਿਆ ਗਿਆ ਕਿ ਸ਼ਹਿਰ ਵਿੱਚ ਸਟੈਂਪੀਡ ਵੇਖਣ ਲਈ 5 ਲੱਖ 28 ਹਜ਼ਾਰ 998 ਵਿਅਕਤੀਆਂ ਨੇ ਗੇਟ ਪਾਰ ਕੀਤੇ ਤੇ ਸਾਲ 2019 ਵਿੱਚ ਸ਼ਾਮਿਲ ਹੋਏ ਲੋਕਾਂ ਦੀ 40% ਗਿਣਤੀ ਹੀ ਇਸ ਸਾਲ ਸਟੈਂਪੀਡ ਵਿੱਚ ਪਹੁੰਚੀ। ਇਸ ਨਾਲ 1ਹੋਟਲ, ਟੈਕਸੀ, ਰੈਸਟੋਰੈਂਟਸ, ਲਿਕਰ, ਸ਼ੂਜ਼ ਅਤੇ ਕੱਪੜਿਆਂ ਦੀ ਸੇਲ ਵਿੱਚ ਭਾਰੀ ਇਜ਼ਾਫਾ ਦਰਜ ਕੀਤਾ ਗਿਆ ਹੈ। ਹੋਟਲਾਂ ਵਿੱਚ 50 ਤੋਂ 65% ਔਕਿਉਪੈਂਸੀ ਦਰਜ ਕੀਤੀ ਗਈ ਹੈ। ਹੁਣ ਨਜ਼ਰਾਂ ਸਾਲ 2022 ਦੀ ਸਟੈਂਪੀਡ ਵੱਲ ਲੱਗ ਗਈਆਂ ਹਨ।

# ਕੈਨਾਨੈਸਕਿਸ ਜਾਣ ਵਾਲੇ ਸੈਲਾਨੀਆਂ ਤੋਂ ਸਾਲਾਨਾ 15 ਮਿਲੀਅਨ ਡਾਲਰ ਦੀ ਰਕਮ ਆ ਸਕਦੀ ਹੈ -ਕੈਨੀ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਜੇਸਨ ਕੈਨੀ ਸਰਕਾਰ ਵੱਲੋਂ ਇਸ ਸਾਲ ਤੋਂ ਕੈਨਾਨੈਸਕਿਸ ਜਾਣ ਵਾਲੇ ਸੈਲਾਨੀਆਂ ਲਈ ਫੀਸ ਲਾਗੂ ਕੀਤੇ ਜਾਣ ਮਗਰੋਂ ਪਹਿਲੇ ਕੁੱਝ ਹੀ ਹਫ਼ਤਿਆਂ ਵਿੱਚ 57 ਲੱਖ ਡਾਲਰ ਦੀ ਰਕਮ ਵਸੂਲ ਕਰ ਲਈ ਗਈ ਹੈ। ਪਹਿਲੀ ਜੂਨ ਤੋਂ ਲਾਗੂ ਹੋਈ ਇਹ ਫੀਸ ਪ੍ਰਤੀ ਵਹੀਕਲ ਇੱਕ ਸਾਲ ਵਾਸਤੇ 90 ਡਾਲਰ ਅਤੇ ਪ੍ਰਤੀ ਦਿਨ 15 ਡਾਲਰ ਦੇ ਹਿਸਾਬ ਨਾਲ ਵਸੂਲ ਕਰਨ ਦਾ ਫੈਸਲਾ ਲਿਆ ਗਿਆ ਸੀ ਤੇ ਸਰਕਾਰ ਨੇ ਕਿਹਾ ਸੀ ਕਿ ਇਹ ਰਕਮ ਲੋਕਾਂ ਦੀ ਸਹੂਲਤ ਵਾਸਤੇ, ਟ੍ਰੇਲਜ਼ ਅਤੇ ਪਾਰਕਾਂ ਦੇ ਰੱਖ ਰਖਾਅ ਅਤੇ ਹੋਰ ਸੇਵਾਵਾਂ ਦੇਣ ਵਾਸਤੇ ਖਰਚ ਕੀਤੀ ਜਾਵੇਗੀ। ਪਿਛਲੇ ਸਾਲ 53 ਲੱਖ ਸੈਲਾਨੀ ਇਸ ਇਲਾਕੇ ਵਿੱਚ ਪਹੁੰਚੇ ਦਰਜ ਹੋਏ ਸਨ ਜਿਸ ਮਗਰੋਂ ਸਰਕਾਰ ਨੇ ਫੀਸ ਲਾਗੂ ਕਰਨ ਦਾ ਐਲਾਨ ਕੀਤਾ ਸੀ। ਸਰਕਾਰ ਨੂੰ ਆਸ ਹੈ ਇਸ ਪ੍ਰੋਗਰਾਮ ਤੋਂ ਸਾਲਾਨਾ 15 ਮਿਲੀਅਨ ਡਾਲਰ ਦੀ ਰਕਮ ਆ ਸਕਦੀ ਹੈ। ਐਲਬਰਟਾ ਪਾਰਕਸ ਬੋਰਡ ਨੇ ਦੱਸਿਆ ਹੈ ਕਿ ਹੁਣ ਤੱਕ 21500 ਡੇ-ਪਾਸ ਜਾਰੀ ਹੋ ਚੁੱਕੇ ਹਨ ਜਦੋਂ ਕਿ 55600 ਸਾਲਾਨਾ ਪਾਸ ਜਾਰੀ ਕੀਤੇ ਗਏ ਹਨ।

# ਹਸਪਤਾਲ ਵਿੱਚੋਂ 18 ਬੈੱਡ ਚੁੱਕਣ ਦੇ ਮਾਮਲਾ ਵਿਰੋਧੀ ਧਿਰ ਜੋਰਸ਼ੋਰ ਨਾਲ ਚੁੱਕਣ ਲੱਗੀ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਵਿਧਾਨਸਭਾ ਵਿੱਚ ਵਿਰੋਧੀ ਧਿਰ ਆਗੂ ਅਤੇ ਸਾਬਕ ਪ੍ਰੀਮੀਅਰ ਰੇਚੈਲ ਨੌਟਲੀ ਦਾ ਕਹਿਣਾ ਹੈ ਕਿ ਸੂਬੇ ਦੇ ਕਈ ਹਸਪਤਾਲਾਂ ਵਿੱਚ ਸਟਾਫ਼ ਦੀ ਭਾਰੀ ਕਮੀ ਹੈ ਤੇ ਐਮਰਜੰਸੀ ਡਿਪਾਰਟਮੈਂਟਸ ਵਿੱਚ ਸਟਾਫ਼ ਦੀ ਕਮੀ ਲੋਕਾਂ ਦੇ ਜੀਵਨ ਲਈ ਖ਼ਤਰਨਾਕ ਹੋ ਸਕਦੀ ਹੈ। ਬੀਤੇ ਦਿਨੀ ਐਡਮੰਟਨ ਦੇ ਰੌਇਲ ਐਲੈਗਜ਼ੈਂਡਰਾ ਹੌਸਪਿਟਲ ਦੇ ਐਮਰਜੰਸੀ ਡਿਪਾਰਟਮੈਂਟ ਵਿਚੋਂ 18 ਬੈਂਡ ਇਸ ਕਰਕੇ ਚੁੱਕ ਲਏ ਗਏ ਸਨ ਕਿ ਉਥੇ ਸਟਾਫ਼ ਦੀ ਕਮੀ ਹੋ ਗਈ ਸੀ। ਏਐਚਐਸ ਦਾ ਕਹਿਣਾ ਹੈ ਕਿ ਇਹ ਕਮੀ ਟੈਂਪਰੇਰੀ ਹੈ ਤੇ 12 ਬੈੱਡ ਸਿਰਫ਼ 4 ਘੰਟਿਆਂ ਲਈ ਚੁੱਕੇ ਗਏ ਸਨ। ਏਐਚਐਸ ਨੇ ਦਾਅਵਾ ਕੀਤਾ ਹੈ ਕਿ ਮਰੀਜ਼ਾਂ ਦੀ ਜਾਨ ਨੂੰ ਸਟਾਫ਼ ਦੀ ਕਮੀ ਕਾਰਨ ਕੋਈ ਖ਼ਤਰਾ ਨਹੀਂ ਹੈ। ਤੇ ਨਾ ਹੀ ਉਹਨਾਂ ਦੀ ਕੇਅਰ ਵਿੱਚ ਕੋਈ ਕਮੀ ਆਉਣ ਦਿੱਤੀ ਗਈ ਹੈ। ਸਾਬਕਾ ਪ੍ਰੀਮੀਅਰ ਨੇ ਨਰਸਾਂ ਦੀ ਤਨਖਾਹ ਘਟਾਉਣ ਦੀ ਯੂਸੀਪੀ ਸਰਕਾਰ ਦੀ ਯੋਜਨਾ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਪੈਨਡੈਮਿਕ ਅਜੇ ਖ਼ਤਮ ਨਹੀਂ ਹੋਇਆ ਹੈ ਤੇ ਸਰਕਾਰ ਨੇ ਆਪਣਾ ਅਸਲ ਚਿਹਰਾ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਰੇਚੈਲ ਨੌਟਲੀ ਨੇ ਕਿਹਾ ਹੈ ਕਿ ਜਦੋਂ ਨਵੇਂ ਅਕਾਦਮਕ ਵਰ੍ਹੇ ਵਿੱਚ ਕਲਾਸਾਂ ਸ਼ੁਰੂ ਹੋਣ ਤਾਂ ਵੈਕਸਿਨ ਕਲਿਨਿਕ ਸਕੂਲਾਂ ਅਤੇ ਯੂਨਿਵਰਸਿਟੀਆਂ ਵਿੱਚ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਵੈਕਸਿਨ ਦਿੱਤੀ ਜਾ ਸਕੇ।

# ਰੋਮਨ ਕੈਥੋਲਿਕ ਚਰਚ ਆਰਥਿਕ ਸਹਾਇਤਾ ਦੇਣ ਲਈ ਤਿਆਰ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਰੋਮਨ ਕੈਥੋਲਿਕ ਡਾਇਓਸੀਜ਼ ਦਾ ਕਹਿਣਾ ਹੈ ਕਿ ਉਹ ਰੈਜ਼ਿਡੈਂਸ਼ੀਅਲ ਸਕੂਲਾਂ ਵਿੱਚੋਂ ਬਚ ਕੇ ਨਿੱਕਲ ਆਏ ਲੋਕਾਂ ਦੇ ਪਰਿਵਾਰਾਂ ਵਾਸਤੇ ਆਰਥਕ ਸਹਾਇਤਾ ਦੇਣ ਲਈ ਤਿਆਰ ਹਨ। ਪੁਰਾਣੇ ਕਈ ਰੈਜ਼ਿਡੈਂਸ਼ੀਅਲ ਸਕੂਲਾਂ ਦੀ ਜ਼ਮੀਨ ਹੇਠੋਂ ਬੇਨਾਮੀ ਅਤੇ ਬੱਚਿਆਂ ਦੀਆਂ ਕਬਰਾਂ ਮਿਲਣ ਮਗਰੋਂ ਰੋਮਨ ਕੈਥੋਲਿਕ ਚਰਚ ਦੀ ਕਾਫੀ ਆਲੋਚਨਾ ਹੋ ਰਹੀ ਹੈ ਅਤੇ ਵੈਟਿਕਨ ਤੋਂ ਮਾਫੀ ਮੰਗਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਲੋਕ ਰੋਹ ਵਿੱਚ ਕਈ ਚਰਚਾਂ ਨੂੰ ਨੁਕਸਾਨ ਵੀ ਪਹੁੰਚਾਇਆ ਗਿਆ ਹੈ। ਰੋਮਨ ਕੈਥੋਲਿਕ ਡਾਇਓਸੀਜ਼ ਔਫ਼ ਕੈਲਗਰੀ ਦਾ ਕਹਿਣਾ ਹੈ ਉਹ ਖੇਤਰੀ ਮੰਗ ਦੇ ਅਨੁਸਾਰ ਆਰਥਿਕ ਸਹਾਇਤਾ ਦੇਣ ਲਈ ਤਿਆਰ ਹਨ। ਪਰ ਉਹਨਾਂ ਇਹ ਨਹੀਂ ਦੱਸਿਆ ਹੈ ਕਿ ਇਹ ਰਕਮ ਕਿੰਨੀ ਹੋਵੇਗੀ। ਇਸ ਵਾਰੇ ਅਗਲਾ ਐਲਾਨ ਸਤੰਬਰ ਵਿੱਚ ਕੀਤੇ ਜਾਣ ਦੀ ਸੰਭਾਵਨਾ ਹੈ। ਰੋਮਨ ਕੈਥੋਲਿਕ ਡਾਇਓਸੀਜ਼ ਔਫ਼ ਕੈਲਗਰੀ ਹੇਠ 4 ਰੈਜ਼ਿਡੈਂਸ਼ੀਅਲ ਸਕੂਲ ਚੱਲਦੇ ਰਹੇ ਦੱਸੇ ਜਾਂਦੇ ਹਨ।

# ਕੈਲਗਰੀ ਦਾ ਸਟੈਂਪੀਡ ਮੇਲਾ ਸੁਖੀ ਸਾਂਦੀ ਸਮਾਪਤ ਹੋਇਆ,5 ਲੱਖ ਤੋਂ ਵੀ ਵੱਧ ਲੋਕਾਂ ਨੇ ਭਰੀ ਹਾਜਰੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆ ਭਰ ਵਿੱਚ 'ਧਰਤੀ ਦੇ ਸਭ ਤੋਂ ਵੱਡੇ ਆਉਟਡੋਰ ਸ਼ੋ' ਵੱਜੋਂ ਮਸ਼ਹੂਰ ਕੈਲਗਰੀ ਸਟੈਂਪੀਡ 10 ਦਿਨਾਂ ਤੱਕ ਲੱਖਾਂ ਲੋਕਾਂ ਦਾ ਮਨੋਰੰਜਨ ਕਰਨ ਮਗਰੋਂ ਸਫ਼ਲਤਾ ਸਹਿਤ ਖ਼ਤਮ ਹੋ ਗਿਆ ਹੈ। ਇਸ ਵਾਰ ਦੀ ਸਟੈਂਪੀਡ, ਕੋਰੋਨਾ ਵਾਇਰਸ ਮਹਾਮਾਰੀ ਮਗਰੋਂ ਇੱਕ ਸਾਲ ਰੱਦ ਹੋਣ ਮਗਰੋਂ ਵਾਇਰਸ ਦੇ ਸਹਿਮ ਹੇਠਾਂ ਅਤੇ ਕਈ ਦਿਨਾਂ ਤੱਕ ਕੈਲਗਰੀ ਦੇ ਵਾਤਾਵਰਣ ਵਿੱਚ ਫੈਲੇ ਧੂੰਏ ਹੇਠ ਹੋਈ ਅਤੇ ਪਿਛਲੇ ਸਾਲਾਂ ਦੇ ਮੁਕਾਬਲੇ ਬਹੁਤ ਘੱਟ ਗਿਣਤੀ ਲੋਕਾਂ ਦੀ ਹਾਜ਼ਰੀ ਰਹੀ। ਪੈਨਡੈਮਿਕ ਦੇ ਲਗਪਗ 16 ਮਹੀਨਿਆਂ ਮਗਰੋਂ ਦੇਸ਼ ਦਾ ਇਹ ਸਭ ਤੋਂ ਵੱਡਾ ਇਵੈਂਟ ਦਰਜ ਹੋਇਆ ਹੈ। ਸਟੈਂਪੀਡ ਬੋਰਡ ਦੇ ਮੁਖੀ ਸਟੀਵ ਮੈਕ-ਡੌਨਾਉ ਦਾ ਕਹਿਣਾ ਹੈ ਕਿ ਸਟੈਂਪੀਡ ਵਿੱਚ ਭਰੋਸਾ ਪ੍ਰਗਟ ਕਰਨ ਵਾਲੇ ਸੂਬਾ ਵਾਸੀਆਂ ਅਤੇ ਦੇਸ਼ ਵਾਸੀਆਂ ਦੇ ਉਹ ਬਹੁਤ ਧੰਨਵਾਦੀ ਹਨ। ਉਹਨਾਂ ਕਿਹਾ ਕਿ ਸਟੈਂਪੀਡ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਕਾਮਯਾਬ ਰਹੀ ਹੈ ਤੇ ਉਹਨਾਂ ਦੀ ਟੀਮ ਨੇ ਜ਼ਿੰਮੇਦਾਰੀ ਨਾਲ ਆਪਣਾ ਕੰਮ ਨਿਭਾਇਆ ਹੈ। ਨੈਸ਼ਵਿਲ ਨੌਰਥ ਮਿਉਜ਼ਿਕ ਟੈਂਟ ਵਿੱਚ 73% ਲੋਕਾਂ ਨੇ ਵੈਕਸਿਨੇਸ਼ਨ ਸਰਟਿਫਿਕੇਟ ਦਿਖਾਏ ਤੇ ਇਸ ਵਿਚ ਆਏ 16 ਹਜ਼ਾਰ ਟੈਸਟ ਕੀਤੇ ਗਏ ਲੋਕਾਂ ਵਿਚੋਂ ਸਿਰਫ਼ 18 ਜਣੇ ਹੀ ਕੋਰੋਨਾ ਪੌਜ਼ਿਟਿਵ ਦਰਜ ਕੀਤੇ ਗਏ ਤੇ ਉਹ ਸਿਹਤ ਹਿਦਾਇਤਾਂ ਦਾ ਪਾਲਨ ਕਰਦੇ ਹੋਏ ਵਾਪਸ ਚਲੇ ਗਏ। ਮੌਡੀਫਾਇਡ ਮਹੌਲ ਵਿੱਚ ਰੋਡੀ- ਇਵੈਂਟਸ ਕਾਮਯਾਬੀ ਨਾਲ ਮੁਕੰਮਲ ਹੋਈਆਂ ਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਵਿੱਚ ਹਾਜ਼ਰੀ ਭਰੀ। ਇਸ ਵਾਰ ਚੱਕਵੈਗਨ ਰੇਸਾਂ ਨਹੀਂ ਹੋ ਸਕੀਆਂ ਤੇ ਲੋਕਾਂ ਨੂੰ ਉਸ ਦੀ ਅਗਲੇ ਸਾਲ ਤੱਕ ਲਈ ਤਾਂਘ ਬਣੀ ਰਹੇਗੀ। ਇਸ ਵਾਰ ਸਟੈਂਪੀਡ ਵਿੱਚ ਹਰ ਰੋਜ਼ ਲਗਪਗ 50 ਹਜ਼ਾਰ ਲੋਕ ਆਏ ਅਤੇ ਇਹਨਾਂ ਵਿਚੋਂ 75% ਲੋਕ ਕੈਲਗਰੀ ਤੋਂ ਹੀ ਸਨ, 13% ਸੂਬੇ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਅਤੇ ਬਾਕੀ 12% ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਸਨ। ਪੂਰੇ ਅੰਕੜੇ ਹਾਲੇ ਜਾਰੀ ਕੀਤੇ ਜਾਣੇ ਬਾਕੀ ਹਨ। 82 ਹਜ਼ਾਰ ਫ੍ਰੰਟ ਲਾਇਨ ਰੈਸਪੌਂਸਰਜ਼ ਦੀ ਡਿਊਟੀ ਲੱਗੀ ਰਹੀ। ਮੇਲੇ ਦੇ ਆਖਰੀ ਦਿਨ ਐਤਵਾਰ ਨੂੰ ਐਂਟਰੀ ਮੁਫ਼ਤ ਕਰ ਦਿੱਤੀ ਗਈ ਸੀ ਜਿਸ ਕਰਕੇ ਕਾਫੀ ਲੋਕਾਂ ਨੇ ਆਖਰੀ ਦਿਨ ਹਾਜ਼ਰੀ ਲਗਵਾਈ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Pii Punjab Insurance Inc

Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A PLUS
A Plus
Immigration & NRI Solutions
nriservicecalgary@gmail.com

# ਐਨ ਡੀ ਪੀ ਪਾਰਟੀ ਵੱਲੋਂ ਗੁਰਿੰਦਰ ਗਿੱਲ ਫਿਰ ਕੈਲਗਰੀ ਸਕਾਈਵਿਊ ਤੋਂ ਚੋਣ ਲੜਨਗੇ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀਆਂ ਫੈਡਰਲ ਚੋਣਾਂ ਸਤੰਬਰ - ਅਕਤੂਬਰ ਹੋਣ ਦੀਆਂ ਕਨਸੋਆਂ ਨੂੰ ਲੈ ਕੇ ਵੱਖ-ਵੱਖ ਪਾਰਟੀਆਂ ਨੇ ਆਪੋ-ਆਪਣੀ ਚੋਣ ਮੁਹਿੰਮ ਨੂੰ ਭਖਾ ਦਿੱਤੀ ਹੈ । ਬੀਤੇ ਦਿਨੀ ਇਸੇ ਮੁਹਿੰਮ ਤਹਿਤ ਐਂਨਡੀਪੀ ਲੀਡਰ ਜਗਮੀਤ ਸਿੰਘ ਕੈਲਗਰੀ ਪਹੁੰਚੇ ਜਿੱਥੇ ਉਨ੍ਹਾਂ ਨੇ ਗੁਰਿੰਦਰ ਗਿੱਲ ਨੂੰ ਮੁੜ ਚੋਣ ਮੈਦਾਨ 'ਚ ਉਤਾਰਨ ਦਾ ਐਲਾਨ ਕੀਤਾ। ਪਿਛਲੀ ਚੋਣ ਦੌਰਾਨ ਵੀ ਗੁਰਿੰਦਰ ਗਿੱਲ ਨੂੰ ਕੈਲਗਰੀ ਸਕਾਈਵਿਊ ਹਲਕੇ ਤੋਂ ਚੋਣ ਲੜਾਈ ਸੀ ਜਿਸ 'ਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਪਰ ਇਸ ਬਾਰ ਮੁੜ ਉਸੇ ਹਲਕੇ ਤੋਂ ਮੁੜ ਮੈਦਾਨ 'ਚ ਉਤਾਰਿਆ ਹੈ। ਜਗਮੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਚਪਨ ਤੋਂ ਮੇਰਾ ਸੁਪਨਾ ਸੀ ਕਿ ਮੈਂ ਕਿਸੇ ਨਾ ਕਿਸੇ ਦਿਨ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਇਸ ਲਈ ਪਹੁੰਚਾਂ ਕਿ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲ ਸਕੇ ਤੇ ਅੱਜ ਮੈਨੂੰ ਪਰਮਾਤਮਾ ਨੇ ਉਸ ਕਤਾਰ 'ਚ ਖੜਾ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਕਾਫ਼ੀ ਸਮੇਂ ਤੋਂ ਦੇਸ਼ ਕੋਵਿਡ ਮਹਾਮਾਰੀ ਨਾਲ ਜੂਝ ਰਿਹਾ ਹੈ ਜਿਸ ਦੌਰਾਨ ਆਮ ਵਰਗ ਦੇ ਲੋਕਾਂ ਨੂੰ ਆਰਥਿਕ ਤੌਰ 'ਤੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਸ 'ਚ ਐਂਨਡੀਪੀ ਨੇ ਆਪਣੇ ਵੱਲੋਂ ਲੋਕਾਂ ਦੀ ਮਦਦ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਅਸੀਂ ਟਰੂਡੋ ਸਰਕਾਰ 'ਤੇ ਜ਼ੋਰ ਪਾਇਆ ਕਿ ਕੋਵਿਡ ਦੌਰਾਨ ਇਲਾਜ ਲਈ ਛੁੱਟੀਆਂ ਤਨਖ਼ਾਹ ਸਮੇਤ ਦਿੱਤੀਆਂ ਜਾਣ ਤੇ ਛੋਟੇ ਕਾਰੋਬਾਰਾਂ ਨੂੰ ਵਿੱਤੀ ਸਹਾਇਤਾ ਆਦਿ ਹੋਰ ਬਹੁਤ ਸਾਰੇ ਫ਼ੈਸਲੇ ਸਰਕਾਰ ਤੋਂ ਮਨਜੂਰ ਕਰਵਾਏ, ਭਵਿੱਖ 'ਚ ਵੀ ਅਸੀਂ ਹਰ ਵਰਗ ਦੇ ਹੱਕਾਂ ਦੀ ਲੜਾਈ ਲੜਦੇ ਰਹਾਂਗਾ। ਕੈਨੇਡਾ ਦੇ ਮੂਲ ਨਿਵਾਸੀ ਬੱਚਿਆਂ ਬਾਰੇ ਜੋ ਬੀਤੇ ਦਿਨੀਂ ਪਤਾ ਲੱਗਾ ਸੀ ਉਸ ਬਾਰੇ ਵੀ ਉਨ੍ਹਾਂ ਚਿੰਤਾ ਪ੍ਰਗਟ ਕੀਤੀ। ਗੁਰਿੰਦਰ ਢਿੱਲੋਂ ਨੇ ਵੱਡੀ ਗਿਣਤੀ 'ਚ ਪਹੁੰਚੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਹੁਤ ਹੀ ਘੱਟ ਸਮੇਂ ਦੇ ਸੱਦੇ 'ਤੇ ਤੁਸੀਂ ਇੰਨੀ ਵੱਡੀ ਗਿਣਤੀ 'ਚ ਹਾਜ਼ਰ ਹੋਏ ਉਸ ਲਈ ਮੈਂ ਤੁਹਾਡਾ ਦਿਲੋਂ ਸ਼ੁਕਰ-ਗੁਜ਼ਾਰ ਹਾਂ।

# ਕੈਲਗਰੀ ਦੇ ਗੁਰੂਘਰ ਲਈ ਅਲਬਰਟਾ ਸਰਕਾਰ ਵੱਲੋਂ ਸਾਢੇ ਚਾਰ ਲੱਖ ਡਾਲਰ ਦੀ ਗਰਾਂਟ ਜਾਰੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਲਬਰਟਾ ਸੂਬੇ ਦੀ ਕੈਨੀ ਸਰਕਾਰ ਦੇ ਮੰਤਰੀ ਮੰਡਲ ਵਿੱਚ ਟਰਾਂਸਪੋਰਟ ਮੰਤਰੀ ਵੱਜੋਂ ਸਾਮਿਲ ਰਾਜਨ ਸਾਹਨੀ ਅਤੇ ਐਮ ਐਲ ਏ ਲੀਲਾ ਆਹੀਰ ਨੇ ਕੈਲਗਰੀ ਦੇ ਗੁਰੂਘਰ ਦਸਮੇਸ ਕਲਚਰਲ ਸੈਂਟਰ ਲਈ ਖੁਦ ਆਕੇ ਸਾਢੇ ਚਾਰ ਲੱਖ ਡਾਲਰ ਦੀ ਗਰਾਂਟ ਜਾਰੀ ਕੀਤੀ ।ਇਸ ਮੌਕੇ ਬੋਲਦਿਆਂ ਰਾਜਨ ਸਾਹਨੀ ਨੇ ਦੱਸਿਆ ਕਿ ਗੁਰੂ ਘਰ ਰੈਨੋਵੇਸਨ ਅਤੇ ਇਸ ਦੀ ਬਿਲਡਿੰਗ ਦਾ ਵਿਸਥਾਰ ਕਰਨ ਦੀ ਸਖਤ



ਲੋੜ ਸੀ ।ਐਮ ਐਲ ਏ ਲੀਲਾ ਆਹੀਰ ਅਤੇ ਦਵਿੰਦਰ ਤੂਰ ਵੱਲੋਂ ਮਿਲੇ ਸਹਿਯੋਗ ਸਦਕਾ ਅੱਜ ਇਹ ਰਕਮ ਗੁਰੂਘਰ ਲਈ ਜਾਰੀ ਕਰਦਿਆਂ ਗੁਰੂ ਦਾ ਸੁਕਰਾਨਾ ਕਰਦੇ ਹਨ ਕਿ ਉਹਨਾਂ ਨੂੰ ਇਹ ਸੇਵਾ ਕਰਨ ਦਾ ਮੌਕਾ ਮਿਲਿਆ। ਗੁਰੂ ਘਰ ਦੇ ਪ੍ਰਧਾਨ ਸ: ਅਮਨਪ੍ਰੀਤ ਸਿੰਘ ਗਿੱਲ ਨੇ ਸਮੁੱਚੀ ਸੰਗਤ ਵੱਲੋਂ ਸਰਕਾਰ ਦਾ ਧੰਨਵਾਦ ਕਰਦਿਆ ਦੱਸਿਆ ਕਿ ਇਸ ਰਕਮ ਨਾਲ ਜੋੜਾ ਘਰ ਅਤੇ ਬਾਕੀ ਦੀ ਬਿਲਡਿੰਗ ਦਾ ਵਿਸਥਾਰ ਹੋ ਸਕੇਗਾ ।






















# ਮੈਂਬਰ ਪਾਰਲੀਮੈਂਟਾਂ ਨੇ ਸਟੈਂਪੀਡ ਬ੍ਰੇਕਫਾਸਟ ਦੌਰਾਨ ਲੋਕਾਂ ਦੇ ਖਾਣ ਲਈ ਪੈਨ ਕੇਕ ਬਣਾਏ














ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਟੈਂਪੀਡ ਦੇ ਪਹਿਲੇ ਹਫ਼ਤੇ ਦੌਰਾਨ ਵੱਖ ਵੱਖ ਰਾਜ ਨੇਤਾਵਾਂ ਵੱਲੋਂ ਸਟੈਂਪੀਡ ਬ੍ਰੇਕਫਾਸਟ ਰੱਖੇ ਗਏ ਤੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੇ ਇਹਨਾਂ ਪ੍ਰੋਗਰਾਮਾਂ ਵਿੱਚ ਹਜ਼ਾਰੀ ਲਗਵਾ ਰਹੇ ਹ। ਫੈਡਰਲ ਕੰਜ਼ਰਵੇਟਿਵ ਪਾਰਟੀ ਲੀਡਰ ਐਰਿਨ ਟੂਲ ਨੇ ਐਮ ਪੀ ਜੈਗ ਸਹੋਤਾ ਅਤੇ ਐਮਪੀ ਜਸਰਾਜ ਸਿੰਘ ਹੱਲਣ ਵੱਲੋਂ ਮੁਕਾਮੀ ਕਾਲਜ ਦੇ ਸਹਿਯੋਗ ਨਾਲ ਕਰਵਾਏ ਗਏ ਬ੍ਰੇਕਫਾਸਟ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਕਈ ਐਮਪੀ, ਵਿਧਾਇਕ ਤੇ ਹੋਰ ਸਮਾਜਕ ਕਾਰਜਕਾਰਤਾ ਵੀ ਹਾਜ਼ਰ ਸਨ ਤੇ ਵੱਡੀ ਸੰਖਿਆ ਵਿੱਚ ਲੋਕਾਂ ਨੇ ਪਿਛਲੇ ਸਾਲ ਦੀ ਗ਼ੈਰ-ਹਾਜ਼ਰੀ ਮਗਰੋਂ ਕੈਲਗਰੀ ਦੀ ਇਸ ਪਰੰਪਰਾ ਵਿੱਚ ਹਿੱਸਾ ਲਿਆ। ਸਾਬਕਾ ਐਮ ਪੀ ਦਵਿੰਦਰ ਸ਼ੋਰੀ ਅਤੇ ਐਮ ਐਲ ਏ ਦਵਿੰਦਰ ਤੂਰ ਨੇ ਜਸਰਾਜ ਹੱਲਣ ਦੇ ਪਰੋਗਰਾਮ ਵਿੱਚ ਵਿਸ਼ੇਸ ਹਾਜਰੀ ਲਗਵਾਈ। ਪੰਜਾਬੀ ਭਾਈਚਾਰੇ ਵਿੱਚੋਂ ਅਮਰਪ੍ਰੀਤ ਸਿੰਘ ਬੈਂਸ, ਰੋਮੀ ਸਿੱਧੀ, ਰੋਮੀ ਆਵਾਨ, ਦਲਬੀਰ ਜੱਲੋਵਾਲ, ਜਸਪਾਲ ਸਿੰਘ, ਸੁਖਦੇਵ ਰੱਤੂ, ਰੌਸਨ ਚੁੰਬਰ, ਸੰਜੀਵ ਕੱਦ, ਰਣਧੀਰ ਬਾਸੀ, ਸੀਨੀਅਰ ਸੁਸਾਇਟੀ ਦੇ ਪ੍ਰਧਾਨ ਵਰਿੰਦਰਜੀਤ ਸਿੰਘ ਭੱਟੀ, ਪਰੀਤਮ ਸਿੰਘ ਕਾਹਲੋਂ, ਗੁਰੂ ਘਰ ਦੇ ਪ੍ਰਧਾਨ ਭਾਈ ਅਮਨਪ੍ਰੀਤ ਸਿੰਘ ਗਿੱਲ ,ਚੁਟਕਲੇਬਾਜ ਤਿਰਲੋਚਨ ਚੁੱਘ, ਯੂਸੀਪੀ ਦੇ ਕਈ ਵਿਧਾਇਕਾਂ ਨੇ ਵੀ ਸਟੈਂਪੀਡ ਬ੍ਰੇਕਫਾਸਟ ਵਿੱਚ ਹਾਜਰੀ ਲਗਵਾਈ।

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE
We ship across Western Canada.
INFO@INNOVATIVESTONECRAFT.CA
WWW.INNOVATIVESTONECRAFT.CA

APNA BAZAAR
APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਿਹਾਸਕ ਫੈਸਲਾ ਲਿਆ ਹੈ। ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St Regina SK S4R 2K4
Regulated Canadian Immigration Consultant, CEO Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca

# ਬੇਨਾਮੀ ਨਾਮੀ ਕਬਰਾਂ ਦਾ ਮਿਲਣਾ ਹਾਲੇ ਤੱਕ ਜਾਰੀ ਐ, ਬੀ ਸੀ ਵਿੱਚ 160 ਹੋਰ ਬੇਨਾਮੀ ਕਬਰਾਂ ਮਿਲੀਆਂ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਆਇਲੈਂਡ ਇਲਾਕੇ ਵਿੱਚ 160 ਦੇ ਕਰੀਬ ਬੇਨਾਮੀ ਕਬਰਾਂ ਦਾ ਪਤਾ ਲੱਗਾ ਹੈ ਅਤੇ ਜਿੱਥੇ ਇਹ ਕਬਰਾਂ ਮਿਲੀਆਂ ਹਨ, ਉੱਥੇ ਕਿਸੇ ਸਮੇਂ ਕਿਉਪਰ ਆਇਲੈਂਡ ਇੰਡਸਟ੍ਰੀਅਲ ਰੈਜ਼ਿਡੈਂਸ਼ੀਅਲ ਸਕੂਲ ਹੋਣ ਦੀ ਗੱਲ ਵੀ ਸਾਹਮਣੇ ਆ ਰਹੀ ਹੈ। ਇਹ ਸਕੂਲ 1890 ਤੋਂ 1970 ਦੇ ਦਹਾਕੇ ਤੱਕ ਚੱਲਦਾ ਰਿਹਾ ਦੱਸਿਆ ਗਿਆ ਹੈ। ਅਜਿਹੀਆ ਬੇਨਾਮੀ ਕਬਰਾਂ ਦੀਆਂ ਖਬਰਾਂ ਬੀਤੇ ਮਹੀਨੇ ਕੈਮਲੂਪਸ ਅਤੇ ਸੈਸਕੈਚਵਾਨ ਸੂਬੇ ਅੰਦਰ ਰੀਜਾਇਨਾ ਨੇੜਿਉਂ ਵੀ ਮਿਲੀਆਂ ਸਨ। ਲਗਾਤਾਰ ਅਜਿਹੀਆ ਬੇਨਾਮੀ ਕਬਰਾਂ ਦਾ ਮਿਲਣਾ ਭਾਵੇਂ ਕਨੇਡੀਅਨ ਸੱਭਿਆਚਾਰ ਲਈ ਖਤਰੇ ਵਾਲਾ ਦਿਖਾਈ ਦਿੰਦਾ ਹੈ,ਪਰ ਇਸ ਸਬੰਧ ਵਿੱਚ ਪੋਪ ਵੱਲੋਂ ਹਾਲੇ ਤੱਕ ਵੀ ਚੁੱਪ ਵੱਟੀ ਹੋਈ ਹੈ। ਇਹ ਵੀ ਕਣਸੋਆਂ ਹਨ ਕਿ ਮੂਲ ਨਿਵਾਸੀ ਭਾਈਚਾਰੇ ਦਾ ਇੱਕ ਵਫ਼ਦ ਦਸੰਬਰ ਮਹੀਨੇ ਇਸ ਸਬੰਧੀ ਗੱਲਬਾਤ ਕਰਨ ਲਈ ਪੋਪ ਨੂੰ ਮਿਲਣ ਜਾ ਰਿਹਾ ਹੈ। ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਾਹਿਬ ਇਸ ਵਰਤਾਰੇ ਨੂੰ ਨਿੰਦਣਯੋਗ ਕਹਿਕੇ 2017 ਵਿੱਚ ਹੀ ਮੁਆਫੀ ਮੰਗ ਚੁੱਕੇ ਹਨ ਪਰ ਪੋਪ ਵੱਲੋਂ ਹਾਲੇ ਤੱਕ ਗੋਲਮੋਲ ਬਿਆਨ ਹੀ ਸਾਹਮਣੇ ਆਏ ਹਨ।

# ਕੈਲਗਰੀ ਅੰਦਰ ਅਗਲੇ 8 ਸਾਲਾਂ ਵਿੱਚ 16 ਸਕੂਲ ਬੰਦ ਹੋ ਸਕਦੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਬੋਰਡ ਔਫ਼ ਐਜੁਕੇਸ਼ਨ ਦੇ ਨਵੀਨਤਮ ਅਕੋਮੋਡੇਸ਼ਨ ਪਲੈਨ ਨੂੰ ਜੇ ਸਹੀ ਮੰਨਿਆ ਜਾਵੇ ਤਾਂ ਦਰਜਨਾਂ ਸਕੂਲ ਆਪਣੀ ਕਪੈਸਿਟੀ ਦੇ 70% 'ਤੇ ਕੰਮ ਕਰ ਰਹੇ ਹਨ ਤੇ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਦੀ ਗਿਣਤੀ ਦਾ ਸਮਤੋਲ ਰੱਖਣ ਵਾਸਤੇ ਨਵੇਂ ਢੰਗ ਅਪਣਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਅਜਿਹੇ ਵਿੱਚ ਅਗਲੇ 8 ਸਾਲਾਂ ਵਿੱਚ 16 ਸਕੂਲ ਬੰਦ ਹੋ ਸਕਦੇ ਹਨ। ਇਹਨਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਨਵੇਂ ਪ੍ਰੋਵਿੰਸ਼ੀਅਲ ਫੰਡਿੰਗ ਪਲੈਨ ਤਹਿਤ ਉਹਨਾਂ ਸਕੂਲਾਂ ਨੂੰ ਵੱਧ ਤੋਂ ਵੱਧ ਫੰਡਿੰਗ ਮਿਲੇਗੀ ਜਿਹਨਾਂ ਵਿੱਚ ਉਹਨਾਂ ਦੀ ਕਪੈਸਿਟੀ ਦੇ 85% ਤੱਕ ਕੰਮ ਚੱਲ ਰਿਹਾ ਹੋਵੇਗਾ। ਕੁੱਝ ਹਾਇ ਸਕੂਲਾਂ ਵਿੱਚੋਂ ਸਪੈਨਿਸ਼ ਬਾਇ-ਲਿੰਗੁਅਲ ਅਤੇ ਫ੍ਰੈਂਚ ਐਮਰਸ਼ਨ ਪ੍ਰੋਗਰੈਮ ਵੱਧ ਵਿਦਿਆਰਥੀਆਂ ਵਾਲੇ ਕਈ ਸਕੂਲਾਂ ਤੋਂ ਚੁੱਕ ਲਏ ਗਏ ਹਨ ਤੇ ਉਹਨਾਂ ਨੂੰ ਅੰਦਰੂਨੀ ਸਕੂਲਾਂ ਵਿੱਚ ਅਤੇ ਘੱਟ ਗਿਣਤੀ ਵਾਲੇ ਬੱਚਿਆਂ ਦੇ ਸਕੂਲਾਂ ਵਿੱਚ ਭੇਜਿਆ ਜਾ ਰਿਹਾ ਹੈ।






# ਗੋਲੀ ਚੱਲਣ ਕਾਰਣ ਇੱਕ ਜਖ਼ਮੀ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨੌਰਥ ਈਸਟ ਵਿੱਚ 11 ਜੁਲਾਈ ਵਾਲੇ ਦਿਨ ਮੁੜ ਗੋਲੀ ਚੱਲ ਗਈ ਹੈ ਤੇ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਹੈ। ਗੋਲੀ ਦੀ ਇਹ ਵਾਰਦਾਤ 52 ਸਟ੍ਰੀਟ ਅਤੇ ਮੈਡਿਗਨ ਡ੍ਰਾਇਵ 'ਤੇ ਐਤਵਾਰ ਦੀ ਤੜਕਸਾਰ ਪੌਣੇ ਚਾਰ ਵਜੇ ਦੇ ਕਰੀਬ ਹੋਈ ਦੱਸੀ ਜਾਂਦੀ ਹੈ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਉੱਥੇ ਇੱਕ ਵਿਅਕਤੀ ਬਾਂਹ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਪਿਆ ਸੀ। ਉਸ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਸ਼ੱਕੀ ਹਮਲਾਵਰ ਅਤੇ ਗੋਲੀ ਦਾ ਸ਼ਿਕਾਰ ਹੋਇਆ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ ਤੇ ਮਿੱਥ ਕੇ ਅੰਜਾਮ ਦਿੱਤੀ ਗਈ ਵਾਰਦਾਤ ਸੀ। ਜਾਂਚ ਚੱਲ ਰਹੀ ਹੈ ਤੇ ਹੋਰ ਵੇਰਵਿਆਂ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਸੇ ਤਰਾਂ ਸ਼ਨੀਵਾਰ ਦੀ ਰਾਤ ਸਾਢੇ 9 ਵਜੇ ਦੇ ਕਰੀਬ ਟੈਰਾਵਿਸਟਾ ਡ੍ਰਾਇਵ ਨੌਰਥ ਈਸਟ 'ਤੇ ਹੋਏ ਇੱਕ ਸੜਕ ਹਾਦਸੇ ਵਿੱਚ ਇੱਕ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ ਦੱਸਿਆ ਜਾਂਦਾ ਹੈ। ਐਮਰਜੰਸੀ ਕਰੂ ਜਦੋਂ ਮੌਕੇ 'ਤੇ ਪੁੱਜੇ ਤਾਂ ਇਹ ਬੱਚਾ ਜ਼ਖ਼ਮਾਂ ਨਾਲ ਪੀੜਤ ਪਿਆ ਸੀ। ਉਸ ਦੇ ਲੱਗੀਆਂ ਸੱਟਾਂ ਬਾਰੇ ਜਾਣਕਾਰੀ ਰਿਲੀਜ਼ ਨਹੀਂ ਕੀਤੀ ਗਈ ਹੈ। ਉਸ ਨੂੰ ਅਲਬਰਟਾ ਚਿਲਡ੍ਰਨ'ਜ਼ ਹੌਸਪਿਟਲ ਪਹੁੰਚਾਇਆ ਗਿਆ ਹੈ ਜਿੱਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਗਈ ਹੈ। ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਪਰ ਹੋਰ ਜਾਣਕਾਰੀ ਰਿਲੀਜ਼ ਨਹੀਂ ਕੀਤੀ ਗਈ ਹੈ।






















## ਸੰਪਾਦਕੀ



ਉਹ ਇਨਸਾਨ ਮਹਾਨ ਹੈ ਜੋ ਆਪਣੇ ਕੋਲ ਬੈਠੇ ਵਿਅਕਤੀ ਨੂੰ ਨੀਵਾਂ ਮਹਿਸੂਸ ਨਾ ਹੋਣ ਦੇਵੇ।

# ਸਿੱਧੂ ਦੀ ਨਿਯੁਕਤੀ: ਕੀ ਕਾਟੋ ਕਲੇਸ਼ ਖਤਮ ਹੋਵੇਗਾ?

ਕਾਂਗਰਸ ਵਿਚਾਲੇ ਲੰਬੇ ਸਮੇਂ ਤੋਂ ਚਲ ਰਿਹਾ ਟਕਰਾਓ ਨੂੰ ਰੋਕਣ ਲਈ ਕਾਂਗਰਸ ਹਾਈ ਕਮਾਨ ਨੇ ਕਦਮ ਤਾਂ ਚੁੱਕਿਆ ਹੈ ਪਰ ਇਹ ਕਿੰਨਾ ਕੁ ਕਾਰਗਰ ਸਿੱਧ ਹੋਵੇਗਾ ਇਸ ਉਤੇ ਹਾਲੇ ਵੀ ਪ੍ਰਸ਼ਨਚਿੰਨ੍ਹ ਲੱਗਣੇ ਸ਼ੁਰੂ ਹੋ ਗਏ ਹਨ। ਹਾਈਕਮਾਨ ਨੇ ਕਈ ਦੁਚਿੱਤੀਆਂ ਅਤੇ ਵਿਰੋਧਭਾਸਾਂ ਦਾ ਸਾਹਮਣਾ ਕਰਨ ਤੋਂ ਬਾਅਦ ਉਹ ਕਦਮ ਚੁੱਕਿਆ ਹੈ ਜਿਸ ਬਾਰੇ ਸਿਆਸੀ ਮਾਹਿਰਾਂ ਦੇ ਵਿਚਾਰ ਤਿੱਖੇ ਰੂਪ ਵਿੱਚ ਵੰਡੇ ਹੋਏ ਹਨ; ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ। ਕੁੱਝ ਸਿਆਸੀ ਮਾਹਿਰਾਂ ਅਨੁਸਾਰ ਆਪਣੀਆਂ ਸੀਮਾਵਾਂ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਤੇ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦਾ ਸਾਹਮਣਾ ਕਰਨ ਲਈ ਬਿਹਤਰ ਸਥਿਤੀ ਵਿੱਚ ਸਨ। ਇਨ੍ਹਾਂ ਮਾਹਿਰਾਂ ਅਨੁਸਾਰ ਕਾਂਗਰਸ ਹਾਈਕਮਾਨ ਅਤੇ ਨਵਜੋਤ ਸਿੰਘ ਸਿੱਧੂ ਧੜੇ ਦਾ ਆਪਣੇ ਹੀ ਮੁੱਖ ਮੰਤਰੀ ਵਿਰੁੱਧ ਲਗਾਤਾਰ ਪ੍ਰਚਾਰ ਕਰਨਾ ਕਾਂਗਰਸ ਨੂੰ ਮਹਿੰਗਾ ਪੈ ਸਕਦਾ ਹੈ। ਮਾਹਿਰ ਇਹ ਸਵਾਲ ਵੀ ਪੁੱਛ ਰਹੇ ਹਨ ਕਿ ਪਾਰਟੀ ਨੇ ਵੋਟਾਂ ਤਾਂ ਸਰਕਾਰ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਲੈਣੀਆਂ ਹਨ ਅਤੇ ਸਿੱਧੂ, ਜੋ ਖ਼ੁਦ ਹੀ ਸਰਕਾਰ ਦਾ ਵੱਡਾ ਆਲੋਚਕ ਰਿਹਾ ਹੈ, ਪਾਰਟੀ ਲਈ ਵੋਟਾਂ ਕਿਸ ਆਧਾਰ 'ਤੇ ਮੰਗੇਗਾ; ਉਹ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਨੂੰ ਨਿਆਂਸੰਗਤ ਕਿਵੇਂ ਠਹਿਰਾਏਗਾ? ਕੁੱਝ ਹੋਰ ਸਿਆਸੀ ਮਾਹਿਰਾਂ ਅਨੁਸਾਰ ਇਹ ਚੋਣ ਲਾਜ਼ਮੀ ਸੀ; ਇੱਕ ਦਿਨ ਕਾਂਗਰਸ ਨੂੰ ਪਾਰਟੀ ਦੀ ਕਮਾਨ ਅਗਲੀ ਪੀੜ੍ਹੀ ਨੂੰ ਸੌਂਪਣੀ ਪੈਣੀ ਸੀ ਤੇ ਹਾਈਕਮਾਨ ਦਾ ਫ਼ੈਸਲਾ ਸਹੀ ਹੈ। ਸਵਾਲ ਪੁੱਛਿਆ ਜਾ ਰਿਹਾ ਹੈ ਕਿ ਜੇ ਪਾਰਟੀ ਦੀ ਅਗਵਾਈ ਅਗਲੀ ਪੀੜ੍ਹੀ ਨੂੰ ਸੌਂਪਣੀ ਸੀ ਤਾਂ ਕਾਂਗਰਸ ਨੇ ਉਨ੍ਹਾਂ ਆਗੂਆਂ ਵਿੱਚੋਂ ਕਿਸੇ ਨੂੰ ਕਿਉਂ ਨਹੀਂ ਚੁਣਿਆ ਜੋ ਲੰਮਾ ਸਮਾਂ ਕਾਂਗਰਸ 'ਚ ਰਹੇ ਹਨ। ਸਭ ਤੋਂ ਹੈਰਾਨ ਕਰਨ ਵਾਲੀ ਗੱਲ ਚਾਰ ਨਵੇਂ ਕਾਰਜਕਾਰੀ ਪ੍ਰਧਾਨ ਬਣਾਉਣਾ ਹੈ। ਕੌਮੀ ਪੱਧਰ 'ਤੇ ਅਤੇ ਸੂਬਿਆਂ ਵਿੱਚ ਇੱਕ ਕਾਰਜਕਾਰੀ ਪ੍ਰਧਾਨ ਬਣਾਉਣ ਦੀ ਰਵਾਇਤ ਤਾਂ ਰਹੀ ਹੈ ਪਰ ਸੂਬੇ ਵਿੱਚ ਚਾਰ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨਾ ਨਵੀਂ ਰਵਾਇਤ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਨਵੇਂ ਕਾਰਜਕਾਰੀ ਪ੍ਰਧਾਨਾਂ ਦੀ ਕੀ ਜ਼ਿੰਮੇਵਾਰੀ ਹੋਵੇਗੀ ਅਤੇ ਉਨ੍ਹਾਂ ਨੂੰ ਸੂਬੇ ਅਤੇ ਕਾਂਗਰਸ ਦੀ ਸਿਆਸਤ ਵਿੱਚ ਕੋਈ ਨਿਰਣਾਇਕ ਭੂਮਿਕਾ ਨਿਭਾਉਣ ਦਾ ਮੌਕਾ ਦਿੱਤਾ ਜਾਵੇਗਾ ਜਾਂ ਉਨ੍ਹਾਂ ਨੂੰ ਸਿਰਫ਼ ਕੁੱਝ ਇਲਾਕਿਆਂ, ਵਰਗਾਂ ਆਦਿ ਦੀ ਨੁਮਾਇੰਦਗੀ ਦੇਣ ਲਈ ਹੀ ਨਿਯੁਕਤ ਕੀਤਾ ਗਿਆ ਹੈ। ਪੁਆਧ, ਦੁਆਬੇ, ਮਾਝੇ ਅਤੇ ਮਾਲਵੇ ਦੇ ਇਲਾਕਿਆਂ ਤੇ ਪੱਛੜੀਆਂ ਅਤੇ ਅਨੁਸੂਚਿਤ ਜਾਤਾਂ ਤੇ ਹਿੰਦੂ ਭਾਈਚਾਰੇ ਨੂੰ ਨੁਮਾਇੰਦਗੀ ਦੇਣ ਦੇ ਇਸ ਸੰਕੇਤਕ ਯਤਨ ਦੇ ਸਿਆਸੀ ਪ੍ਰਭਾਵ ਬਾਰੇ ਅੰਦਾਜ਼ਾ ਲਗਾਉਣਾ ਅਜੇ ਮੁਸ਼ਕਿਲ ਹੈ। ਕਾਂਗਰਸ ਵਾਸਤੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕੈਪਟਨ ਅਤੇ ਸਿੱਧੂ ਆਪਣੇ ਭੇਦ-ਭਾਵ ਭੁਲਾ ਕੇ ਪਾਰਟੀ ਨੂੰ ਅਜਿਹੀ ਸੰਗਠਿਤ ਟੀਮ ਦੇ ਸਕਦੇ ਹਨ ਜੋ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਜਿੱਤ ਦਿਵਾ ਸਕੇ। ਜਿੱਤ ਵਾਸਤੇ ਆਗੂਆਂ ਦੀ ਏਕਤਾ ਜ਼ਰੂਰੀ ਹੈ। ਕੈਪਟਨ ਨੇ ਸਿੱਧੂ ਨੂੰ ਮਿਲਣ ਤੋਂ ਪਹਿਲਾਂ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਦੀ ਸ਼ਰਤ ਰੱਖੀ ਹੈ। ਸਿੱਧੂ ਵਾਸਤੇ ਵੱਡੀ ਮੁਸ਼ਕਲ ਕੈਪਟਨ ਨਾਲ ਆਪਣੇ ਰਿਸ਼ਤਿਆਂ ਦੀ ਕੁੜੱਤਣ ਨੂੰ ਖ਼ਤਮ ਕਰਨਾ ਹੈ। ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਸਿੱਧੂ ਨੂੰ ਪ੍ਰਧਾਨ ਬਣਾਏ ਜਾਣ ਦੇ ਬਾਵਜੂਦ ਕਾਂਗਰਸ ਹਾਈਕਮਾਨ ਅਨੁਸਾਰ ਚੋਣਾਂ ਕੈਪਟਨ ਦੀ ਅਗਵਾਈ ਵਿਚ ਲੜੀਆਂ ਜਾਣੀਆਂ ਹਨ। ਇਸ ਫੇਰਬਦਲ ਦੇ ਜੋ ਵੀ ਨਤੀਜੇ ਨਿਕਲਣ ਪਰ ਇਸ ਦਲੀਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਂਗਰਸ ਹਾਈਕਮਾਨ ਨੇ ਮਾਮਲੇ ਨੂੰ ਸੁਲਝਾਉਣ ਦੇ ਯਤਨ ਵਿੱਚ ਕਈ ਉਲਝਣਾਂ ਪੈਦਾ ਕਰ ਦਿੱਤੀਆਂ ਹਨ; ਇਨ੍ਹਾਂ ਵਿੱਚ ਪਾਰਟੀ ਦਾ ਕਈ ਪੱਧਰਾਂ 'ਤੇ ਵੰਡੇ ਜਾਣਾ ਵੀ ਸ਼ਾਮਲ ਹੈ। ਸਿੱਧੂ ਅਤੇ ਉਸ ਦੀ ਟੀਮ ਸਾਹਮਣੇ ਚੁਣੌਤੀ ਬਣੀ ਰਹੇਗੀ ਕਿ ਉਹ ਇਨ੍ਹਾਂ ਉਲਝਣਾਂ ਅਤੇ ਵੰਡੀਆਂ ਨੂੰ ਕਿਵੇਂ ਦੂਰ ਕਰਦੀ ਹੈ।

**ਸੁਖਜਿੰਦਰ ਸਮਰਾ**
ਮੋ. 95835-92000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਨਵਜੋਤ ਸਿੱਧੂ ਨੂੰ ਗਾਂਧੀ ਪਰਿਵਾਰ ਦੀ ਥਾਪੀ, ਕੀ ਕੈਪਟਨ ਨੂੰ ਨਾਲ ਤੋਰਨ 'ਚ ਕਾਮਯਾਬ ਹੋ ਸਕਣਗੇ



ਅਤੁਲ ਸੰਗਰ

ਕਾਂਗਰਸ ਹਾਈ ਕਮਾਂਡ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਕੇ ਸੂਬੇ ਵਿੱਚ ਪੈਂਠ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਹ ਫੈਸਲਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਤਾਏ ਜਾ ਰਹੇ ਖਦਸਿਆਂ ਤੇ ਸਿੱਧੂ ਲਈ ਉਨ੍ਹਾਂ ਦੀ ਨਾਰਾਜ਼ਗੀ ਦੇ ਬਾਵਜੂਦ ਲਿਆ ਗਿਆ ਹੈ। ਹਾਲ ਹੀ ਵਿੱਚ ਪਾਰਟੀ ਦੇ ਕੱਦਾਵਰ ਨੇਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਸਿੱਧੂ ਨੂੰ ਉਦੋਂ ਤੱਕ ਨਹੀਂ ਮਿਲਣਗੇ ਜਦੋਂ ਤੱਕ ਉਹ ਆਪਣੇ 'ਅਪਮਾਨਜਨਕ ਟਵੀਟਸ' ਲਈ ਮਾਫੀ ਨਹੀਂ ਮੰਗ ਲੈਂਦੇ।

ਪਿਛਲੇ ਦੋ ਸਾਲਾਂ ਤੋਂ ਸਿੱਧੂ ਤੇ ਕੈਪਟਨ ਵਿਚਕਾਰ ਚਲ ਰਹੇ ਮਤਭੇਦ ਹੋਰ ਉਭਰ ਕੇ ਸਾਹਮਣੇ ਆ ਰਹੇ ਹਨ। ਇਸ ਕਾਰਨ ਹਾਲ ਹੀ ਵਿੱਚ ਪਾਰਟੀ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ 18 ਨੁਕਾਤੀ ਪ੍ਰੋਗਰਾਮ 'ਤੇ ਕੰਮ ਕਰਨ ਲਈ ਕਿਹਾ ਹੈ। ਇਹ ਫੈਸਲਾ ਉਸ ਸਮੇਂ ਆਇਆ ਜਦੋਂ ਸੂਬੇ ਵਿੱਚ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲਗਭਗ 8 ਮਹੀਨੇ ਹੀ ਬਚੇ ਹਨ।

ਇਸ ਫੈਸਲੇ ਨੂੰ ਪਾਰਟੀ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਨੂੰ ਕਰਨ ਵਿੱਚ ਨਾਕਾਮੀ ਦੇ ਸਿੱਟੇ ਵੱਜੋਂ ਦੇਖਿਆ ਜਾ ਰਿਹਾ ਹੈ। ਉਧਰ ਕੈਪਟਨ ਅਮਰਿੰਦਰ ਸਿੰਘ ਦੇ ਨਜਦੀਕੀ ਮੰਨਦੇ ਹਨ ਕਿ ਉਹ ਹਾਲ ਹੀ ਵਿੱਚ ਵਾਪਰੀਆਂ ਸਿਆਸੀ ਘਟਨਾਵਾਂ ਕਾਰਨ ਨਾਰਾਜ਼ ਹਨ। ਕਾਂਗਰਸ ਹਾਈ ਕਮਾਂਡ ਦਾ ਸੁਲਾਹ ਕਰਵਾਉਣ ਦਾ ਤੇ ਪਾਰਟੀ ਦੀ ਦਿਖ ਨੂੰ ਬਦਲਣ ਦਾ ਇਹ ਤਰੀਕਾ ਸ਼ਾਇਦ ਸਫਲ ਨਾ ਰਹੇ।

ਇਥੇ ਜ਼ਿਕਰ ਕਰਨਾ ਬਣਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਉਦੋਂ ਭਾਜਪਾ ਤੋਂ ਕੀਤੀ ਸੀ ਜਦੋਂ ਉਹ ਸਾਲ 2004 ਵਿੱਚ ਪਹਿਲੀ ਵਾਰ ਅੰਮ੍ਰਿਤਸਰ ਤੋਂ ਐਮਪੀ ਚੁਣੇ ਗਏ। ਉਨ੍ਹਾਂ ਨੇ 2016 ਵਿੱਚ ਭਾਜਪਾ ਨੂੰ ਅਲਵਿਦਾ ਆਖ ਦਿੱਤਾ ਸੀ। ਭਾਰਤੀ ਜਨਤਾ ਪਾਰਟੀ ਵੱਲੋਂ ਅਰੁਣ ਜੇਟਲੀ ਨੂੰ 2014 ਵਿੱਚ ਅੰਮ੍ਰਿਤਸਰ ਤੋਂ ਚੋਣ ਲੜਨ ਲਈ ਕਿਹਾ ਗਿਆ। ਸਿੱਧੂ ਨੂੰ ਅਡਜਸਟ ਕਰਨ ਲਈ ਰਾਜ ਸਭਾ ਭੇਜ ਦਿੱਤਾ ਗਿਆ।

### ਸਿੱਧੂ ਤੇ ਕੈਪਟਨ ਵਿੱਚ ਕਦੋਂ ਪਈ ਸੀ ਫੁੱਟ

ਇਸ ਤੋਂ ਬਾਅਦ ਸਿੱਧੂ ਨੇ ਕੁਝ ਹੀ ਮਹੀਨਿਆਂ ਬਾਅਦ ਭਾਜਪਾ ਛੱਡ ਦਿੱਤੀ ਤੇ ਕਾਂਗਰਸ ਵਿੱਚ ਸਾਮਲ ਹੋ ਗਏ। ਸਿੱਧੂ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਵਿੱਚ ਲਿਆਉਣ ਦੇ ਪਿੱਛੇ ਪ੍ਰਿਅੰਕਾ ਤੇ ਰਾਹੁਲ ਗਾਂਧੀ ਸਨ। ਇਸ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਮਨਜ਼ੂਰੀ ਨਹੀਂ ਲਈ ਗਈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ





ਵਿੱਚ ਕਾਂਗਰਸ ਨੇ 117 ਸੀਟਾਂ ਵਿੱਚੋਂ 77 ਸੀਟਾਂ 'ਤੇ ਜਿੱਤ ਹਾਸਿਲ ਕੀਤੀ ਸੀ।

ਸਿੱਧੂ ਨੂੰ ਕੈਪਟਨ ਸਰਕਾਰ ਵਿੱਚ ਮੰਤਰੀ ਬਣਾਇਆ ਗਿਆ, ਪਰ 2018 ਵਿੱਚ ਕੈਪਟਨ ਤੇ ਸਿੱਧੂ ਵਿਚਕਾਰ ਉਸ ਸਮੇਂ ਕੁੜਤਣ ਪੈਦਾ ਹੋ ਗਈ ਜਦੋਂ ਸਿੱਧੂ ਨੇ ਇਮਰਾਨ ਖਾਨ ਦੇ ਸਹੁੰ-ਚੁੱਕ ਸਮਾਗਮ ਦਾ ਸੱਦਾ ਸਵੀਕਾਰ ਕਰ ਲਿਆ। ਇਮਰਾਨ ਖਾਨ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣੀ ਸੀ। ਪਾਕਿਸਤਾਨ ਦੇ ਜਨਰਲ ਕਮਰ ਬਾਜਵਾ ਨੂੰ ਜੱਫੀ ਪਾਉਣ ਦੀਆਂ ਫੋਟੋਆਂ ਸਾਹਮਣੇ ਆਉਣ ਤੋਂ ਬਾਅਦ, ਸਿੱਧੂ ਦੀ ਬਹੁਤ ਆਲੋਚਨਾ ਹੋਈ।

ਕੈਪਟਨ ਅਮਰਿੰਦਰ ਸਿੰਘ ਵੀ ਉਨ੍ਹਾਂ 'ਚੋਂ ਸਨ ਜਿਨ੍ਹਾਂ ਨੇ ਇਸ ਗੱਲ ਦੀ ਨਿਖੇਧੀ ਕੀਤੀ। ਜਦੋਂ ਵਖਰੇਵੇਂ ਹੋਰ ਵੱਧ ਗਏ ਤਾਂ ਸਿੱਧੂ ਨੇ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ। ਪਰ ਪੰਜਾਬ ਵਿੱਚ ਸਿੱਖਾਂ ਵੱਲੋਂ ਸਿੱਧੂ ਦੀ ਬਹੁਤ ਤਾਰੀਫ ਹੋਈ ਕਿਉਂਕਿ ਉਹ ਪਾਕਿਸਤਾਨ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦਾ ਪ੍ਰਸਤਾਵ ਲੈ ਕੇ ਆਏ ਸਨ।

ਇਸ ਨਾਲ ਭਾਰਤ ਵਿੱਚ ਵਸਦੇ ਲੱਖਾਂ ਸਰਧਾਲੂਆਂ ਦੀ ਦਹਾਕਿਆਂ ਪੁਰਾਣੀ ਇੱਛਾ ਪੂਰੀ ਹੋਣ ਜਾ ਰਹੀ ਸੀ ਜੋ ਕਿ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਕਰਤਾਰਪੁਰ ਸਾਹਿਬ ਗੁਰਦੁਆਰੇ ਜਾ ਕੇ ਮੱਥਾ ਟੇਕਣ ਦੀ ਸੀ।

### ਕੈਪਟਨ ਖਿਲਾਫ ਸਿੱਧੂ ਦੇ ਬਿਆਨ ਅਤੇ ਇਲਜ਼ਾਮ

ਨਵਜੋਤ ਸਿੰਘ ਸਿੱਧੂ ਆਪਣੇ ਅਸਤੀਫੇ ਤੋਂ ਬਾਅਦ ਕੁਝ ਮਹੀਨੇ ਤਾਂ ਸਾਂਤ ਰਹੇ। ਉਸ ਤੋਂ ਬਾਅਦ ਉਨ੍ਹਾਂ ਨੇ ਕੈਪਟਨ ਸਰਕਾਰ ਉੱਤੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਹਮਲਾ ਬੋਲਣਾ ਸੁਰੂ ਕਰ ਦਿੱਤਾ। ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਆਪਣੇ ਵਾਅਦੇ ਪੂਰੇ ਨਾ ਕਰਨ ਦੇ ਇਲਜਾਮ ਲਗਾਏ। ਸੀਨੀਅਰ ਕਾਂਗਰਸੀ ਆਗੂ ਹਰੀਸ਼ ਰਾਵਤ ਵੱਲੋਂ ਕੈਪਟਨ ਅਮਰਿੰਦਰ ਨੂੰ ਦਿੱਤੇ ਗਏ 18 ਨੁਕਾਤੀ ਪ੍ਰੋਗਰਾਮ ਵਿੱਚ ਜਆਿਦਾਤਰ ਇਹ ਹੀ ਵਾਅਦੇ ਸਾਮਲ ਹਨ।

ਆਪਣੇ ਵੀਡੀਓਜ ਵਿੱਚ ਸਿੱਧੂ ਪੰਜਾਬ ਸਰਕਾਰ ਨੂੰ ਐਮਐਸਪੀ 'ਤੇ ਫਸਲ ਖਰੀਦ ਕੇ ਕਿਸਾਨਾਂ ਪ੍ਰਤੀ ਆਪਣੀ ਜੰਿਮੇਵਾਰੀ ਨਿਭਾਉਣ ਨੂੰ ਕਹਿ ਰਹੇ ਹਨ। ਉਨ੍ਹਾਂ ਨੇ 2015 'ਚ ਬਰਗਾੜੀ 'ਚ ਹੋਏ ਬੇਅਦਬੀ ਦੇ ਮਾਮਲੇ ਵਿੱਚ ਨਿਆਂ ਨਾ ਮਿਲਣ ਦਾ ਵੀ ਮੁੱਦਾ ਚੁੱਕਿਆ। ਉਸ ਸਮੇਂ ਬਾਦਲ ਸਰਕਾਰ ਪੰਜਾਬ ਵਿੱਚ ਰਾਜ ਕਰ ਰਹੀ ਸੀ।

ਸਮੇਂ-ਸਮੇਂ 'ਤੇ 'ਰੇਤ ਮਾਫੀਆ' ਤੇ 'ਟਰਾਂਸਪੋਰਟ ਮਾਫੀਆ' ਨਾਲ ਜੁੜੇ ਮੁੱਦੇ ਵੀ ਚੁੱਕੇ ਗਏ ਹਨ। ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਤੱਕ ਆਮ ਲੋਕਾਂ ਤੇ ਵਿਧਾਇਕਾਂ ਦੀ ਪਹੁੰਚ ਨਾ ਹੋਣ ਦਾ ਮੁੱਦਾ ਵੀ ਚੁੱਕਿਆ ਗਿਆ।

ਕੈਪਟਨ ਦੇ ਕਰੀਬੀ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਸੂਚੀ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬੇਅਦਬੀ ਦੇ ਕੇਸਾਂ ਵਿੱਚ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਤਿਆਰ ਕੀਤੀ ਗਈ, ਨਸਾ ਤਸਕਰਾਂ ਖਿਲਾਫ ਕੇਸ ਰਜਿਸਟਰ ਕੀਤੇ ਗਏ, ਨੌਕਰੀਆਂ ਦੇਣ ਲਈ ਮੇਲੇ ਲਗਾਏ ਗਏ। ਪਰ ਉਨ੍ਹਾਂ ਦਾ ਇਹ ਬਚਾਅ ਫਿੱਕਾ ਪੈ ਜਾਂਦਾ ਹੈ ਜਦੋਂ ਕਾਂਗਰਸ ਹਾਈ ਕਮਾਂਡ ਹੀ ਸਰਕਾਰ ਦੇ ਕੰਮਾਂ ਦੀ ਆਲੋਚਨਾ ਕਰਦੀ ਹੈ ਤੇ 18 ਨੁਕਾਤੀ ਪ੍ਰੋਗਰਾਮ 'ਤੇ ਕੰਮ ਕਰਨ ਨੂੰ ਕਹਿੰਦੀ ਹੈ।

### ਮਸਲੇ ਦਾ ਨਿਕਲੇਗਾ ਹੱਲ ਜਾਂ ਹੋਰ ਵਿਗੜਨਗੇ ਹਾਲਾਤ


ਸਿੱਧੂ ਨੂੰ ਕਦੇ ਵੀ ਪਾਰਟੀ ਦੇ ਵਿਧਾਇਕਾਂ ਦੀ ਹਮਾਇਤ ਨਹੀਂ ਸੀ। ਉਨ੍ਹਾਂ ਦੀ ਪਛਾਣ ਇੱਕਲੇ ਹੀ ਕੰਮ ਕਰਨ ਵਾਲੇ ਆਗੂ ਵਜੋਂ ਹੈ। ਪਰ ਜਦੋਂ ਵਿਧਾਇਕਾਂ ਨੇ ਦੇਖਿਆ ਕਿ ਪਾਰਟੀ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਤੋਂ ਮੂੰਹ ਮੋੜ ਕੇ ਸਿੱਧੂ ਦੀ ਹਮਾਇਤ ਕੀਤੀ ਤਾਂ ਉਨ੍ਹਾਂ ਦਾ ਰੁਖ ਵੀ ਬਦਲ ਗਿਆ।

ਹਾਲ ਹੀ ਵਿੱਚ ਕੈਬਨਿਟ ਵਿੱਚ ਦੋ ਵਿਧਾਇਕਾਂ ਦੇ ਬੇਟਿਆਂ ਨੂੰ ਨੌਕਰੀ ਦੇਣ ਦਾ ਫੈਸਲਾ ਲਿਆ ਗਿਆ। ਇਸ ਫੈਸਲੇ ਦਾ ਵਿਰੋਧ ਕੈਪਟਨ ਦੇ ਨਜਦੀਕੀ ਮੰਨੇ ਜਾਣ ਵਾਲੇ ਮੰਤਰੀਆਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਸੁੱਖ ਸਰਕਾਰੀਆ ਸਣੇ ਹੋਰਾਂ ਨੇ ਕੀਤਾ।

ਕੁਝ ਹੋਰ ਆਗੂ ਜਿਵੇਂ ਚਰਨਜੀਤ ਸਿੰਘ ਚੰਨੀ, ਰਵਨੀਤ ਸਿੰਘ ਬਿੱਟੂ ਤੇ ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਲੰਬੇ ਸਮੇਂ ਤੋਂ ਹੀ ਸਰਕਾਰ ਦੀ ਆਲੋਚਨਾ ਕਰਦੇ ਆਏ ਹਨ। ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਐਲਾਨੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਕਈ ਮੰਤਰੀਆਂ ਤੇ ਵਿਧਾਇਕਾਂ ਨਾਲ ਮੁਲਾਕਾਤ ਕੀਤੀ। ਚੋਣਾਂ ਤੋਂ ਕੁਝ ਹੀ ਮਹੀਨੇ ਪਹਿਲਾਂ ਕਾਂਗਰਸ ਹਾਈ ਕਮਾਂਡ ਦਾ ਇਸ ਤਰ੍ਹਾਂ ਦਾ ਐਲਾਨ ਪਾਰਟੀ 'ਚ ਹੋ ਰਹੀ ਖਿੱਚੋਤਾਣ ਨੂੰ ਖਤਮ ਕਰਨ ਦੀ ਥਾਂ ਇਸ ਨੂੰ ਹੋਰ ਵਧਾਉਣ ਦਾ ਕੰਮ ਕਰ ਸਕਦਾ ਹੈ।



# ਖ਼ੂਨ ਦੀ ਹੋਲੀ ਖੇਡ ਰਹੇ ਨੇ ਤਾਲਿਬਾਨ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਤਾਲਿਬਾਨ ਦੇ ਖ਼ਿਲਾਫ਼ 20 ਸਾਲ ਦੀ ਨਿਰੰਤਰ ਅਤੇ ਨਿਰਾਥਰਕ ਲੜਾਈ ਤੋਂ ਬਾਅਦ ਜੂਨ ਵਿਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਅਫ਼ਗਾਨਿਸਤਾਨ ਨੂੰ ਰਾਸ਼ਟਰਪਤੀ ਅਸ਼ਰਫ ਗਨੀ ਦੀ ਸਰਕਾਰ ਦੇ ਹਵਾਲੇ ਕਰ ਕੇ ਆਪਣੀ ਫ਼ੌਜ ਵਾਪਸ ਬੁਲਾ ਰਿਹਾ ਹੈ। ਸਿਰਫ਼ 650 ਸੈਨਿਕ ਅਮਰੀਕੀ ਦੂਤਘਰ ਦੀ ਰਾਖੀ ਲਈ ਛੱਡੇ ਜਾਣਗੇ ਤੇ ਬਾਕੀ ਸਾਰੀ ਫ਼ੌਜ 11 ਸਤੰਬਰ ਤਕ ਵਾਪਸ ਚਲੀ ਜਾਵੇਗੀ। ਅਮਰੀਕਾ ਨੇ ਕਾਬੁਲ ਦੇ ਨੇੜੇ ਬਰਗਾਮ ਹਵਾਈ ਅੱਡਾ, ਜਿੱਥੋਂ ਅਮਰੀਕੀ ਹਵਾਈ ਫ਼ੌਜ ਆਪਣੇ ਸਾਰੇ ਅਭਿਆਨ ਚਲਾਉਂਦੀ ਸੀ, ਅਫ਼ਗਾਨ ਫ਼ੌਜ ਦੇ ਹਵਾਲੇ ਕਰ ਦਿੱਤਾ ਹੈ।

ਪੱਚੀ ਜੂਨ ਨੂੰ ਰਾਸ਼ਟਰਪਤੀ ਜੋਅ ਬਾਇਡਨ ਨੇ ਵ੍ਹਾਈਟ ਹਾਊਸ ਵਿਖੇ ਅਫ਼ਗਾਨ ਰਾਸ਼ਟਰਪਤੀ ਅਸ਼ਰਫ ਗਨੀ ਨਾਲ ਇਹ ਭਰੋਸਾ ਦੇਣ ਲਈ ਮੀਟਿੰਗ ਕੀਤੀ ਸੀ ਕਿ ਅਮਰੀਕਾ ਅਫ਼ਗਾਨਿਸਤਾਨ ਨੂੰ ਰੱਬ ਦੇ ਭਰੋਸੇ ਨਹੀਂ ਛੱਡ ਰਿਹਾ ਬਲਕਿ ਉਹ ਹਮੇਸ਼ਾ ਉਸ ਨੂੰ ਆਰਥਿਕ ਅਤੇ ਫ਼ੌਜੀ ਮਦਦ ਦਿੰਦਾ ਰਹੇਗਾ ਤੇ ਹਰ ਮੁਸੀਬਤ ਸਮੇਂ ਸਾਥ ਦੇਵੇਗਾ। ਪਰ ਅਮਰੀਕਾ ਦੇ ਇਸ ਭਰੋਸੇ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਨੇ ਆਪਣੀ ਮੂਰਖਾਨਾ ਦਖ਼ਲਅੰਦਾਜ਼ੀ ਕਾਰਨ ਤਬਾਹ ਹੋ ਚੁੱਕੇ ਲੀਬੀਆ, ਸੀਰੀਆ ਅਤੇ ਇਰਾਕ ਦੀ ਮੁੜ ਕੇ ਬਾਤ ਨਹੀਂ ਪੁੱਛੀ। ਇਸ ਲਈ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ 11 ਸਤੰਬਰ ਤੋਂ ਬਾਅਦ ਯੁੱਧ ਦੇ ਨਪੀੜੇ ਹੋਏ ਅਫ਼ਗਾਨ ਲੋਕਾਂ ਦੀ ਸਾਰ ਲਵੇਗਾ। ਅਮਰੀਕਾ ਨੇ 'ਅੱਗ ਲਾਈ, ਡੱਬੂ ਕੰਧ ਉੱਤੇ' ਵਾਲਾ ਹੀ ਕੰਮ ਕੀਤਾ ਹੈ। ਸਭ ਜਾਣਦੇ ਹਨ ਕਿ ਇਹ ਅਮਰੀਕੀ ਰਾਸ਼ਟਰਪਤੀ ਦੀ ਕਿਸੇ ਅਮਰੀਕਾ ਪੱਖੀ ਅਫ਼ਗਾਨ ਰਾਸ਼ਟਰਪਤੀ ਨਾਲ ਵ੍ਹਾਈਟ ਹਾਊਸ ਵਿਚ ਆਖ਼ਰੀ ਮੁਲਾਕਾਤ ਹੈ। ਅਮਰੀਕੀ ਫ਼ੌਜ ਦੇ ਨਿਕਲਦੇ ਸਾਰ ਹੀ ਤਾਲਿਬਾਨ ਨੇ ਆਪਣੇ ਮੌਜੂਦਾ ਮੁਖੀ ਮੌਲਾਣਾ ਹੈਬਤੁੱਲਾ ਅਖੁਨਜ਼ਾਦਾ ਦੀ ਅਗਵਾਈ ਹੇਠ ਅਫ਼ਗਾਨ ਫ਼ੌਜ 'ਤੇ ਚੁਫੇਰਿਓਂ ਹਮਲਾ ਬੋਲ ਦਿੱਤਾ ਹੈ। ਕੁਝ ਦਿਨ ਪਹਿਲਾਂ ਹੀ ਤਾਲਿਬਾਨ ਦੇ ਮੁੱਖ ਬੁਲਾਰੇ ਜ਼ੈਬੁੱਲਾਹ ਮੁਜਾਹਿਦ ਨੇ ਬਿਆਨ ਜਾਰੀ ਕੀਤਾ ਸੀ ਕਿ ਤਾਲਿਬਾਨ ਨੇ 80% ਅਫ਼ਗਾਨਿਸਤਾਨ 'ਤੇ ਕਬਜ਼ਾ ਜਮਾ ਲਿਆ ਹੈ ਅਤੇ ਈਰਾਨ, ਪਾਕਿਸਤਾਨ, ਚੀਨ, ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਨਾਲ ਲੱਗਦੀਆਂ ਸਾਰੀਆਂ ਸਰਹੱਦੀ ਚੌਕੀਆਂ ਉਸ ਦੇ ਕਬਜ਼ੇ ਹੇਠ ਆ ਚੁੱਕੀਆਂ ਹਨ। ਪਿਛਲੇ ਹਫ਼ਤੇ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਅਮਰੀਕਾ ਦੇ ਜਾਣ ਤੋਂ ਛੇ ਮਹੀਨੇ ਬਾਅਦ ਅਫ਼ਗਾਨਿਸਤਾਨ 'ਤੇ ਤਾਲਿਬਾਨ ਦਾ ਕਬਜ਼ਾ ਹੋ ਜਾਵੇਗਾ ਪਰ ਜਿਸ ਬਿਜਲੀ ਵਰਗੀ ਤੇਜ਼ੀ ਨਾਲ ਤਾਲਿਬਾਨ ਅੱਗੇ ਵਧ ਰਹੇ ਹਨ ਤੇ ਅਫ਼ਗਾਨ ਫ਼ੌਜ ਦੀ ਲੜਨ ਦੀ ਇੱਛਾ ਸ਼ਕਤੀ ਖ਼ਤਮ ਹੋ ਗਈ ਹੈ, ਲੱਗਦਾ ਹੈ ਕਿ ਇਸ ਕੰਮ ਨੂੰ ਛੇ ਹਫ਼ਤੇ ਵੀ ਨਹੀਂ ਲੱਗਣਗੇ। ਅਫ਼ਗਾਨ ਫ਼ੌਜ ਅਮਰੀਕੀ ਹਵਾਈ ਫ਼ੌਜ ਦੀ ਛੱਤਰੀ ਹੇਠ ਲੜਨ ਦੀ ਆਦੀ ਸੀ ਅਤੇ ਹੁਣ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰ ਰਹੀ ਹੈ।

ਹਜ਼ਾਰਾਂ ਸੈਨਿਕਾਂ ਨੇ ਭੱਜ ਕੇ ਤੁਰਕਮੇਨਿਸਤਾਨ ਅਤੇ ਤਾਜ਼ਿਕਸਤਾਨ ਵਿਚ ਸ਼ਰਨ ਲੈ ਲਈ ਹੈ। ਤਾਲਿਬਾਨ ਨੇ ਇਸ ਵੇਲੇ ਸਿਰਫ਼ ਕਾਬੁਲ ਨੂੰ ਛੱਡ ਕੇ ਬਾਕੀ ਸਾਰੇ ਵੱਡੇ ਸ਼ਹਿਰਾਂ 'ਤੇ ਜਾਂ ਤਾਂ ਕਬਜ਼ਾ ਕਰ ਲਿਆ ਹੈ ਜਾਂ ਘੇਰੇ ਵਿਚ ਲਏ ਹੋਏ ਹਨ। ਮਜ਼ਾਰੇ ਸ਼ਰੀਫ, ਜਲਾਲਾਬਾਦ, ਕੰਧਾਰ ਅਤੇ ਕੁੰਦੁਜ਼ ਨੂੰ ਘੇਰਾ ਪਿਆ ਹੋਇਆ ਹੈ ਜੋ ਕਿਸੇ ਵੇਲੇ ਵੀ ਆਤਮ ਸਮਰਪਣ ਕਰ ਸਕਦੇ ਹਨ। ਅਫ਼ਗਾਨ ਫ਼ੌਜੀ ਤਾਲਿਬਾਨ ਤੋਂ ਸੁਰੱਖਿਆ ਦੀ ਗਰੰਟੀ ਲੈ ਕੇ ਆਪਣੇ ਹਥਿਆਰ,



ਟੈਂਕ, ਬਖ਼ਤਰਬੰਦ ਗੱਡੀਆਂ ਤੇ ਭਾਰੀ ਤੋਪਖਾਨਾ ਉਨ੍ਹਾਂ ਦੇ ਹਵਾਲੇ ਕਰ ਕੇ ਘਰਾਂ ਨੂੰ ਪਰਤ ਰਹੇ ਹਨ। ਤਾਲਿਬਾਨ ਨੇ ਐਲਾਨ ਕੀਤਾ ਹੈ ਕਿ ਹਥਿਆਰ ਸੁੱਟਣ ਵਾਲੇ ਫ਼ੌਜੀਆਂ ਨੂੰ ਸੁਰੱਖਿਅਤ ਲਾਂਘਾ ਦਿੱਤਾ ਜਾਵੇਗਾ ਅਤੇ ਜੇ ਉਹ ਚਾਹੁਣ ਤਾਂ ਤਾਲਿਬਾਨ ਫ਼ੌਜ ਵਿਚ ਸ਼ਾਮਲ ਹੋ ਸਕਦੇ ਹਨ। ਅਫ਼ਗਾਨ ਫ਼ੌਜੀਆਂ ਨੂੰ ਕਈ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ ਤੇ ਉਹ ਹਜ਼ਾਰਾਂ ਦੀ ਗਿਣਤੀ 'ਚ ਖ਼ੁਸ਼ੀ-ਖ਼ੁਸ਼ੀ ਤਾਲਿਬਾਨ ਫ਼ੌਜ 'ਚ ਸ਼ਾਮਲ ਹੋ ਰਹੇ ਹਨ। ਉਹ ਜਾਣਦੇ ਹਨ ਕਿ ਤਾਲਿਬਾਨ ਨਾਲ ਲੜਨ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਉਹੀ ਕੁਝ ਦਿਨਾਂ ਬਾਅਦ ਅਫ਼ਗਾਨਿਸਤਾਨ ਦੇ ਹਾਕਮ ਬਣਨ ਵਾਲੇ ਹਨ। ਅਮਰੀਕੀ ਫ਼ੌਜ ਅਫ਼ਗਾਨਿਸਤਾਨ ਤੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਤਾਲਿਬਾਨ ਦਰਮਿਆਨ ਫਰਵਰੀ 2020 ਵਿਚ ਹੋਈ ਇਕ ਸੰਧੀ ਮੁਤਾਬਕ ਵਾਪਸ ਜਾ ਰਹੀ ਹੈ। ਵ੍ਹਾਈਟ ਹਾਊਸ ਦੇ ਪ੍ਰੈੱਸ ਸੈਕਟਰੀ ਜੇਨ ਸਾਕੀ ਨੇ ਇਸ ਦਾ ਕਾਰਨ ਇਹ ਦੱਸਿਆ ਹੈ ਪਿਛਲੇ ਕੁਝ ਮਹੀਨਿਆਂ ਤੋਂ ਤਾਲਿਬਾਨ ਦੇ ਅਫ਼ਗਾਨ ਫ਼ੌਜ ਦੇ ਖ਼ਿਲਾਫ਼ ਹਮਲੇ ਬਹੁਤ ਤੇਜ਼ ਹੋ ਗਏ ਹਨ ਪਰ ਫ਼ਿਲਹਾਲ ਉਹ ਅਮਰੀਕੀ ਫ਼ੌਜ 'ਤੇ ਹਮਲੇ ਕਰਨ ਤੋਂ ਗੁਰੇਜ਼ ਕਰ ਰਹੇ ਸਨ।

ਜੇ ਅਸੀਂ ਫ਼ੌਜ ਨੂੰ ਵਾਪਸ ਨਹੀਂ ਬੁਲਾਉਂਦੇ ਤਾਂ ਸਾਡੇ ਖ਼ਿਲਾਫ਼ ਵੀ ਹਮਲੇ ਤੇਜ਼ ਹੋ ਜਾਣਗੇ। ਇਸ ਲਈ ਫ਼ੌਜ ਵਾਪਸ ਬੁਲਾਉਣੀ ਸਾਡੀ ਮਜਬੂਰੀ ਬਣ ਗਈ ਹੈ। ਪਰ ਅਜੇ ਵੀ ਅਫ਼ਗਾਨਿਸਤਾਨ ਵਿਚ ਹਜ਼ਾਰਾਂ ਅਮਰੀਕੀ ਫ਼ੌਜੀ, ਸਰਕਾਰੀ ਠੇਕੇਦਾਰ ਅਤੇ ਕੂਟਨੀਤਕ ਰੁਕੇ ਹੋਏ ਹਨ ਜਿਨ੍ਹਾਂ ਨੂੰ ਜਲਦੀ ਤੋਂ ਜਲਦੀ ਬਾਹਰ ਕੱਢਿਆ ਜਾ ਰਿਹਾ ਹੈ। ਇਸ ਤੋਂ ਇਲਾਵਾ 55000 ਦੇ ਲਗਪਗ ਦੋਭਾਸ਼ੀਏ, ਮੁਖ਼ਬਰ ਅਤੇ ਅਜਿਹੇ ਹੋਰ ਅਮਰੀਕਾ ਪੱਖੀ ਅਫ਼ਗਾਨ ਹਨ ਜਿਨ੍ਹਾਂ ਦੀ ਤਾਲਿਬਾਨ ਹੱਥੋਂ ਮੌਤ ਨਿਸ਼ਚਿਤ ਹੈ। ਇਨ੍ਹਾਂ ਨੂੰ ਪਰਿਵਾਰਾਂ ਸਮੇਤ ਬਾਹਰ ਕੱਢਣ ਲਈ ਅਮਰੀਕਾ ਸਪੈਸ਼ਲ ਵੀਜ਼ੇ ਜਾਰੀ ਕਰ ਰਿਹਾ ਹੈ ਅਤੇ ਸਾਊਦੀ ਅਰਬ, ਦੁਬਈ, ਕਤਰ, ਦੋਹਾ ਅਤੇ ਅਮਰੀਕਾ ਸਮੇਤ ਹੋਰ ਕਈ ਮਿੱਤਰ ਦੇਸ਼ਾਂ ਵਿਚ ਵਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਫ਼ਗਾਨਿਸਤਾਨ ਪ੍ਰਤੀ ਅਮਰੀਕੀ ਵਿਦੇਸ਼ ਨੀਤੀ ਵਿਚ ਐਨਾ ਵੱਡਾ ਬਦਲਾਅ ਆਉਣ ਦੇ ਕਈ ਕਾਰਨ ਹਨ। ਅਮਰੀਕਾ 9 ਸਤੰਬਰ 2001 ਨੂੰ ਓਸਾਮਾ ਬਿਨ ਲਾਦੇਨ ਦੁਆਰਾ ਕੀਤੇ ਗਏ ਹਮਲਿਆਂ ਦਾ ਬਦਲਾ ਲੈਣ ਅਤੇ ਅਲ ਕਾਇਦਾ ਤੇ ਤਾਲਿਬਾਨ ਨੂੰ ਤਬਾਹ ਕਰਨ ਲਈ ਅਫ਼ਗਾਨਿਸਤਾਨ ਵਿਚ ਦਾਖ਼ਲ ਹੋਇਆ ਸੀ ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ, ਉਹ ਰੂਸ ਵਾਂਗ ਉੱਥੇ ਫਸ ਕੇ ਰਹਿ ਗਿਆ। ਜੰਗ ਕਰਨੀ ਅਫ਼ਗਾਨਾਂ ਦਾ ਕੌਮੀ ਟਾਈਮ ਪਾਸ ਹੈ। ਉਹ ਹਜ਼ਾਰਾਂ ਸਾਲਾਂ ਤੋਂ ਵਿਦੇਸ਼ੀ ਧਾੜਵੀਆਂ ਨਾਲ ਲੜਦੇ ਆਏ ਹਨ ਅਤੇ ਕਦੇ ਵੀ ਕੋਈ ਹਮਲਾਵਰ ਇੱਥੇ ਕਾਮਯਾਬ ਨਹੀਂ ਹੋ ਸਕਿਆ। ਓਸਾਮਾ ਬਿਨ ਲਾਦੇਨ ਨੂੰ ਮਾਰਨ ਤੋਂ ਇਲਾਵਾ ਅਮਰੀਕਾ ਨੂੰ ਅਫ਼ਗਾਨਿਸਤਾਨ 'ਚ ਕੋਈ ਖ਼ਾਸ ਕਾਮਯਾਬੀ ਹਾਸਲ ਨਹੀਂ ਹੋ ਸਕੀ।

ਵੀਹ ਸਾਲ ਦੀ ਥਕਾ ਦੇਣ ਵਾਲੀ ਲੜਾਈ 'ਚ ਅਮਰੀਕਾ 2400 ਸੈਨਿਕ ਮਰਵਾ ਕੇ ਅਤੇ ਖਰਬਾਂ ਡਾਲਰ ਖ਼ਰਚਣ ਦੇ ਬਾਵਜੂਦ ਤਾਲਿਬਾਨ ਨੂੰ ਖ਼ਤਮ ਨਹੀਂ ਕਰ ਸਕਿਆ। ਅਮਰੀਕਾ ਦੀ ਹਮਾਇਤ 'ਚ ਤਾਲਿਬਾਨ ਵਿਰੁੱਧ ਲੜਦੇ ਹੋਏ 70000 ਅਫ਼ਗਾਨ ਸੈਨਿਕ ਤੇ ਆਮ ਨਾਗਰਿਕ ਵੀ ਮਾਰੇ ਜਾ ਚੁੱਕੇ ਹਨ ਅਤੇ 27 ਲੱਖ ਬੇਘਰ ਹੋ ਗਏ ਹਨ। ਇਸ ਤੋਂ ਇਲਾਵਾ 9-11 ਦੇ ਹਮਲੇ ਵੇਲੇ ਅਮਰੀਕੀਆਂ ਦੇ ਦਿਲਾਂ 'ਚ ਤਾਲਿਬਾਨ ਅਤੇ ਅਲ ਕਾਇਦਾ ਵਿਰੁੱਧ ਜੋ ਗੁੱਸਾ ਅਤੇ ਨਫ਼ਰਤ ਸੀ, ਸਮੇਂ ਦੇ ਨਾਲ-ਨਾਲ ਉਹ ਹੁਣ ਠੰਢੇ ਪੈ ਗਏ ਹਨ। ਇਸ ਵੇਲੇ ਬਹੁ-ਗਿਣਤੀ ਅਮਰੀਕੀ ਅਫ਼ਗਾਨਿਸਤਾਨ 'ਚ ਅਮਰੀਕੀ ਦਖ਼ਲ ਦੇ ਸਖ਼ਤ ਖ਼ਿਲਾਫ਼ ਹਨ। ਅਫ਼ਗਾਨਿਸਤਾਨ ਦੇ ਗੁਆਂਢੀ ਦੇਸ਼ਾਂ ਨੂੰ ਉਸ ਦੇ ਭਵਿੱਖ ਬਾਰੇ ਕੋਈ ਸ਼ੱਕ ਨਹੀਂ ਹੈ। ਭਾਰਤ ਨੇ ਅਫ਼ਗਾਨਿਸਤਾਨ ਵਿੱਚੋਂ ਆਪਣੇ ਕੂਟਨੀਤਕਾਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਪਾਕਿਸਤਾਨ ਦੇ ਕੱਟੜ ਹਮਾਇਤੀ ਹੋਣ ਕਾਰਨ ਤਾਲਿਬਾਨ ਦੇ ਭਾਰਤ ਨਾਲ ਸਬੰਧ ਠੀਕ ਨਹੀਂ ਹਨ। ਇਸ ਤੋਂ ਇਲਾਵਾ ਅਫ਼ਗਾਨਿਸਤਾਨ ਦੇ ਤੇਜ਼ੀ ਨਾਲ ਬਦਲ ਰਹੇ ਰਾਜਨੀਤਕ ਹਾਲਾਤ ਨੂੰ ਵੇਖਦੇ ਹੋਏ ਈਰਾਨ, ਚੀਨ, ਰੂਸ, ਤੁਰਕੀ, ਤੁਰਕਮੇਨਿਸਤਾਨ, ਉਜ਼ਬੇਕਿਸਤਾਨ ਅਤੇ ਤਾਜ਼ਿਕਸਤਾਨ ਦੀਆਂ ਸਰਕਾਰਾਂ ਨੇ ਹੁਣ ਤੋਂ ਹੀ ਤਾਲਿਬਾਨ ਨਾਲ ਕੂਟਨੀਤਕ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਚੀਨ ਅਤੇ ਰੂਸ ਨੇ ਤਾਂ ਤਾਲਿਬਾਨ ਨੂੰ ਹਥਿਆਰ ਅਤੇ ਹੋਰ ਮਦਦ ਵੀ ਭੇਜਣੀ ਸ਼ੁਰੂ ਕਰ ਦਿੱਤੀ ਹੈ। ਇਸ ਗੜਬੜ ਦਾ ਸਭ ਤੋਂ ਵੱਧ ਫ਼ਾਇਦਾ ਪਾਕਿਸਤਾਨ ਨੂੰ ਮਿਲਣ ਵਾਲਾ ਹੈ ਕਿਉਂਕਿ ਉਸ ਦੇ ਅਸ਼ਰਫ ਗਨੀ ਸਰਕਾਰ ਨਾਲ ਸਬੰਧ ਬੇਹੱਦ ਖ਼ਰਾਬ ਸਨ। ਅਸ਼ਰਫ ਗਨੀ ਨੇ ਅਨੇਕਾਂ ਵਾਰ ਪਾਕਿਸਤਾਨ 'ਤੇ ਅਫ਼ਗਾਨਿਸਤਾਨ 'ਚ ਅੱਤਵਾਦ ਨੂੰ ਸ਼ਹਿ ਦੇਣ ਦੇ ਗੰਭੀਰ ਦੋਸ਼ ਲਗਾਏ ਸਨ।

ਤਾਲਿਬਾਨ ਨੂੰ ਕਾਮਯਾਬ ਹੋਣ ਲਈ ਪਾਕਿਸਤਾਨੀ ਆਰਥਿਕ, ਸੈਨਿਕ ਅਤੇ ਕੂਟਨੀਤਕ ਮਦਦ ਦੀ ਸਖ਼ਤ ਜ਼ਰੂਰਤ ਹੈ। ਇਸ ਲਈ ਅਫ਼ਗਾਨਿਸਤਾਨ ਇਕ ਤਰ੍ਹਾਂ ਨਾਲ ਪਾਕਿਸਤਾਨ ਦੀ ਬਸਤੀ ਬਣਨ ਵੱਲ ਵਧ ਰਿਹਾ ਹੈ। ਤਾਲਿਬਾਨ ਦੇ ਕਬਜ਼ੇ ਦਾ ਸਭ ਤੋਂ ਵੱਧ ਨੁਕਸਾਨ ਵਿੱਦਿਅਕ ਖੇਤਰ ਅਤੇ ਮਹਿਲਾਵਾਂ ਨੂੰ ਹੋਵੇਗਾ। ਅਫ਼ਗਾਨਿਸਤਾਨ ਨੂੰ ਮੱਧ ਯੁੱਗ ਵਿਚ ਧੱਕ ਕੇ ਸਕੂਲਾਂ, ਕਾਲਜਾਂ ਦੀ ਬਜਾਏ ਮਦਰੱਸੇ ਖੋਲ੍ਹ ਦਿੱਤੇ ਜਾਣਗੇ ਅਤੇ ਔਰਤਾਂ ਨੂੰ ਘਰਾਂ 'ਚ ਕੈਦ ਕਰ ਦਿੱਤਾ ਜਾਵੇਗਾ। ਅਫ਼ਗਾਨਿਸਤਾਨ ਦੁਬਾਰਾ ਅਲ ਕਾਇਦਾ, ਆਈਐੱਸ, ਜੈਸ਼ ਤੇ ਹਿਜ਼ਬੁਲ ਵਰਗੀਆਂ ਜਥੇਬੰਦੀਆਂ ਦੀ ਨਰਸਰੀ ਬਣ ਜਾਵੇਗਾ ਜਿੱਥੇ ਬਿਨਾਂ ਕਿਸੇ ਡਰ ਦੇ ਅੱਤਵਾਦੀ ਤੇ ਮਨੁੱਖੀ ਬੰਬ ਤਿਆਰ ਕਰ ਕੇ ਸਾਰੇ ਸੰਸਾਰ 'ਚ ਭੇਜੇ ਜਾਣਗੇ।

ਇਸ ਵੇਲੇ ਅਫ਼ਗਾਨ ਸਰਕਾਰ ਤੇ ਤਾਲਿਬਾਨ ਵਿਚਕਾਰ ਕਿਸੇ ਵੀ ਸਮਝੌਤੇ ਦੇ ਆਸਾਰ ਖ਼ਤਮ ਹੋ ਚੁੱਕੇ ਹਨ। ਅਮਰੀਕੀ ਫ਼ੌਜ ਦੇ ਦੇਸ਼ ਤੋਂ ਬਾਹਰ ਨਿਕਲ ਜਾਣ ਕਾਰਨ ਤਾਲਿਬਾਨ ਨੂੰ ਬੇਹੱਦ ਆਸਾਨ ਜਿੱਤਾਂ ਪ੍ਰਾਪਤ ਹੋ ਰਹੀਆਂ ਹਨ ਅਤੇ ਉਹ ਇਸ ਸਫਲਤਾ ਨੂੰ ਅੱਧਵਾਟੇ ਛੱਡਣ ਲਈ ਤਿਆਰ ਨਹੀਂ। ਇਸ ਸਭ ਦੇ ਬਾਵਜੂਦ ਇਹ ਅਟੱਲ ਸੱਚਾਈ ਹੈ ਕਿ ਹਰ ਮਸਲੇ ਦਾ ਹੱਲ ਆਖ਼ਰ ਗੱਲਬਾਤ ਨਾਲ ਹੀ ਹੋ ਸਕਦਾ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Gagandeep Jattana
639 742 0203
639 999 1000
Email-gaganjattana0203@gmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਮੈਂਬਰ ਹਾਲੇ ਵੀ ਆਨ ਲਾਈਨ ਮਿਲਣੀਆਂ ਕਰ ਰਹੇ ਹਨ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਭਾਵੇਂ ਇਹਨੀ ਦਿਨੀ ਗਰੁੱਪ ਮਿਲਣੀਆਂ ਉੱਪਰ ਕੋਈ ਪਾਬੰਦੀ ਨਹੀਂ ਪਰ ਫਿਰ ਵੀ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਗਿਆਰਾਂ ਜੁਲਾਈ ਨੂੰ ਜ਼ੂਮ ਦੇ ਜ਼ਰੀਏ ਹੀ ਕੀਤੀ ਗਈ। ਸ਼ੁਰੂ ਵੱਚ ਮਰਹੂਮ ਅਭਿਨੇਤਾ ਦਲੀਪ ਕੁਮਾਰ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਰਚਨਾਵਾਂ ਦੀ ਪੇਸ਼ਕਾਰੀ ਸ਼ੁਰੂ ਕਰਦਿਆਂ ਸੁਰਿੰਦਰ ਗੀਤ ਨੇ ਕੈਨੇਡਾ ਦਿਵਸ ਦੇ ਸਬੰਧ ਵਿੱਚ ਕੈਨੇਡਾ ਦੀ ਧਰਤੀ ਨਾਲ ਡੂੰਘੀ ਅਪਣੱਤ ਜਤਾਉਂਦੀ ਆਪਣੀ ਕਵਿਤਾ ਪੇਸ਼ ਕੀਤੀ-- ਇਹ ਧਰਤੀ ਜੋ ਸਾਡੀ ਕਰਮ ਭੂਮੀ ਹੈ। ਬੇਗਾਨੀ ਕਿਵੇਂ ਹੋ ਸਕਦੀ ਹੈ।ਜਰਨੈਲ ਤੱਗੜ ਨੇ ਕੈਨੇਡਾ ਦਿਵਸ ਦੀਆਂ ਵਧਾਈਆਂ ਦਿੰਦਿਆਂ ਇੱਥੋਂ ਦੇ ਮੂਲ ਨਿਵਾਸੀਆਂ ਨਾਲ ਹੋਈਆਂ ਬੇ-ਇਨਸਾਫ਼ੀਆਂ ਦਾ ਵੀ ਜ਼ਿਕਰ ਕੀਤਾ। ਇੱਕ ਗ਼ਜ਼ਲ ਸੁਣਾਈ-- ਆਬੋ ਹਵਾ ਨਾ ਰਹਿ ਗਈ ਹੁਣ ਪਹਿਲਾਂ ਵਰਗੀ। ਰਾਮ ਸਰੂਪ ਸੈਣੀ ਨੇ ਗੀਤ ਗਾ ਕੇ ਫ਼ਨ ਦਾ ਮੁਜ਼ਾਹਰਾ ਕੀਤਾ। ਅਜਾਇਬ ਸਿੰਘ ਸੇਖੋਂ ਨੇ ਖੋਜ-ਭਰਪੂਰ ਲੇਖ ਰਾਹੀਂ ਤਣਾਅ (ਟੈਨਸ਼ਨ) ਦੇ ਕਾਰਨ, ਲੱਛਣ ਅਤੇ ਉਪਾਵਾਂ ਬਾਰੇ ਢੁਕਵੀਂ ਇਬਾਰਤ ਰਾਹੀਂ ਵਿਖਿਆਨ ਕੀਤਾ। ਸਰਬਜੀਤ ਕੌਰ ਉੱਪਲ ਨੇ ਪਰਵਾਸੀਆਂ ਨੂੰ ਕੈਨੇਡਾ ਅੰਦਰ ਮਿਲੀ ਬਰਾਬਰੀ ਅਤੇ ਤਰੱਕੀ ਦੇ ਮੌਕਿਆਂ ਦੀਆਂ ਸਹੂਲਤਾਂ ਨੂੰ ਕਵਿਤਾ ਰਾਹੀਂ ਬਿਆਨ ਕੀਤਾ--ਕੱਖੋਂ ਲੱਖ ਬਣਾਤੇ ਦੇਸ਼ ਕਨੇਡਾ ਨੇ। ਡਾ। ਮਨਮੋਹਨ ਬਾਠ ਨੇ ਸੁਰੀਲੀ ਆਵਾਜ਼ ਵਿੱਚ ਸ਼ਿਵ ਕੁਮਾਰ ਦਾ ਗੀਤ ਪੇਸ਼ ਕਰ ਕੇ ਬਿਰਹਾ ਦਾ ਮਾਹੌਲ ਸਿਰਜ ਦਿੱਤਾ-- ਕਬਰਾਂ ਉਡੀਕਦੀਆਂ ਮੈਨੂੰ ਜਿਉਂ ਪੁੱਤਰਾਂ ਨੂੰ ਮਾਵਾਂ। ਜਿੱਥੇ ਉਸ ਦੀ ਗਾਇਕੀ ਨੂੰ ਦਾਦ ਮਿਲੀ ਉੱਥੇ ਬਿਰਹਾ ਦੇ ਸੁਲਤਾਨ ਸ਼ਿਵ ਨੂੰ ਵੀ ਯਾਦ ਕੀਤਾ ਗਿਆ। ਜਗਦੇਵ ਸਿੱਧੂ ਨੇ ਆਪਣੀ ਕਵਿਤਾ- ਕੁਕਨੂਸ- ਦਾ ਉਚਾਰਨ ਕਰ ਕੇ ਸੰਜੀਦਗੀ ਮੋੜ ਲਿਆਂਦੀ ਜਿਸ ਵਿੱਚ ਜ਼ਿੰਦਗੀ ਵਿੱਚ ਆਈਆਂ ਮੁਸੀਬਤਾਂ ਨੂੰ ਮੌਕਿਆਂ ਵਿੱਚ ਢਾਲ ਕੇ ਅੱਗੇ ਵਧਣ ਦੀ ਵਾਰਤਾ ਛੁਪੀ ਹੋਈ ਸੀ ਲੋਕ-ਲਹਿਰਾਂ ਦੀ ਵੀਰਾਂਗਣਾਂ, ਰਾਜਵੰਤ ਕੌਰ ਮਾਨ ਨੇ ਕੈਨੇਡਾ ਦੀ ਸਿਫ਼ਤ ਵਿੱਚ ਟੱਪੇ ਸੁਣਾਏ ਤੇ ਰਿਹਾਇਸ਼ੀ ਸਕੂਲਾਂ ਵਿਚਲੀਆਂ ਕਬਰਾਂ ਅੰਦਰ ਸਮਾਏ ਮੂਲਨਿਵਾਸੀ ਬੱਚਿਆਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ। ਜਸਵੀਰ ਸਿੰਘ ਸਹੋਤਾ ਨੇ ਕੈਨੇਡੀਅਨ ਫੈਡਰੇਸ਼ਨ ਅਤੇ ਵਿਸ਼ੇਸ਼ ਕਰ ਕੇ ਅਲਬਰਟਾ ਸੂਬੇ ਦੇ ਇਤਿਹਾਸ ਦਾ ਸੰਖੇਪ ਵਰਨਣ ਕੀਤਾ। ਇਕਬਾਲ ਕੌਰ ਭੁੱਲਰ ਨੇ ਭਾਰਤ ਅੰਦਰਲੇ ਅਜੋਕੇ ਤਾਨਾਸ਼ਾਹੀ ਮਾਹੌਲ ਬਾਰੇ ਜ਼ੋਰਦਾਰ ਕਟਾਖ਼ਸ਼ ਕਰਦੀ ਕਵਿਤਾ ਸੁਣਾਈ। ਮਨਜੀਤ ਬਰਾੜ ਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਜੋਸ਼ੀਲੀ ਵਾਰ ਬੁਲੰਦ ਆਵਾਜ਼ ਵਿੱਚ ਗਾ ਕੇ ਬੀਰ ਰਸ ਭਰ ਦਿੱਤਾ। ਸੁਖਵਿੰਦਰ ਤੂਰ ਨੇ ਵਿਰਸੇ ਦੀ ਸੰਭਾਲ ਬਾਰੇ ਖ਼ੂਬਸੂਰਤ ਗੀਤ-ਚੌਂਕਾਂ ਵਿੱਚ ਰਾਹੀਆਂ ਨੂੰ, ਬੁੱਤ ਪੁੱਛਣ ਸ਼ਹੀਦਾਂ ਦੇ- ਗਾ ਕੇ ਸਭ ਨੂੰ ਵਿਚਾਰ-ਮਗਨ ਕਰ ਦਿੱਤਾ। ਹਸਮੁੱਖ ਬਿਰਤੀ ਦੇ ਮਾਲਕ ਸੁਰਿੰਦਰ ਢਿੱਲੋਂ ਨੇ ਗੀਤ ਰਾਹੀਂ ਬੀਤਿਆ ਸਮਾਂ ਰੂਪਮਾਨ ਕਰ ਦਿੱਤਾ- ਕੂੰਡੇ ਦੀ ਚਟਣੀ ਸੀ ਤੇ ਖੂੰਡੇ ਦਾ ਡਰ ਹੁੰਦਾ ਸੀ। ਮੂਹਰਲੀ ਕਤਾਰ ਦੀ ਕਵਿੱਤਰੀ ਤੇ ਸਭਾ ਦੀ ਪਰਧਾਨ ਸੁਰਿੰਦਰ ਗੀਤ ਨੇ ਆਪਣੀ ਇੱਕ ਕਾਵਿ-ਪੁਸਤਕ, ਸ਼ਬਦ ਸੁਨੱਖੇ, ਦੀ ਮੁਹਰੈਲੀ ਤੇ ਬਹੁ-ਚਰਚਿਤ ਕਵਿਤਾ- ਜਿੰਦੇ ਨੀ ਦਰ ਮਹਿਕਾਂ ਆਈਆਂ- ਆਪਣੇ ਅੰਦਾਜ਼ ਵਿੱਚ ਪੇਸ਼ ਕਰ ਕੇ ਅਨੋਖਾ ਪ੍ਰਭਾਵ ਛੱਡਿਆ। ਨਾਲ ਹੀ ਉਸ ਨੇ ਪੇਸ਼ ਰਚਨਾਵਾਂ ਬਾਰੇ ਸਾਹਿਤ ਤੇ ਕਲਾ ਦੇ ਪੱਖ ਤੋਂ ਆਪਣੀ ਨਿਸੰਗ ਰਾਇ ਰੱਖੀ ਅਤੇ ਸਾਰਿਆਂ ਨੂੰ ਚੰਗਾ ਸਾਹਿਤ ਪੜ੍ਹਨ ਤੇ ਸਿਰਜਣ ਲਈ ਪ੍ਰੇਰਿਤ ਕੀਤਾ। ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪੰਜਾਬ ਤੋਂ ਰਾਤ ਦੇ ਤੀਜੇ ਪਹਿਰ ਜਾਗ ਕੇ ਮੀਟਿੰਗ ਦਾ ਸ਼ਲਾਘਾਯੋਗ ਸੰਚਾਲਨ ਕਰਦਿਆਂ ਹਰੇਕ ਪੇਸ਼ਕਾਰੀ ਬਾਰੇ ਨਾਲੋ-ਨਾਲ ਢੁਕਵੀਆਂ ਟਿੱਪਣੀਆਂ ਕੀਤੀਆਂ।

# ਜੈਸਨ ਕੈਨੀ ਦੀ ਵਾਇਰਸ ਖ਼ਤਮ ਹੋਣ ਵਾਲੀ ਬਿਆਨਬਾਜ਼ੀ ਨਾਲ ਸਿਹਤ ਮਾਹਿਰ ਸਹਿਮਤ ਨਹੀਂ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਵੱਲੋਂ ਕੋਰੋਨਾ ਵਾਇਰਸ ਮਹਾਮਾਰੀ ਦੇ ਖ਼ਤਮ ਹੋਣ ਦੀ ਗੱਲ ਕਹੇ ਜਾਣ 'ਤੇ ਸੂਬੇ ਦੇ ਕਈ ਸਿਹਤ ਮਾਹਿਰਾਂ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਵਾਇਰਸ ਅਜੇ ਖ਼ਤਮ ਨਹੀਂ ਹੋਇਆ ਹੈ ਤੇ ਪ੍ਰੀਮੀਅਰ ਦਾ ਇਹ ਕਹਿਣਾ ਸਹੀ ਨਹੀਂ ਹੈ ਕਿ ਵਾਇਰਸ ਦੀ ਸਮੱਸਿਆ ਖ਼ਤਮ ਹੋ ਗਈ ਹੈ। ਯੂਨਿਵਰਸਿਟੀ ਔਫ਼ ਐਲਬਰਟਾ ਦੀ ਹੈਲਥ, ਲੌਅ ਐਂਡ ਪੌਲਿਸੀ ਡਿਪਾਰਟਮੈਂਟ ਵਿੱਚ ਰਿਸਰਚ ਮੁਖੀ ਡਾ. ਟਿਮੋਥੀ ਕੌਲਫੀਲਡ ਦਾ ਕਹਿਣਾ ਹੈ ਕਿ ਪਿਛਲੇ ਕੁੱਝ ਦਿਨਾਂ ਤੋਂ ਸੂਬੇ ਵਿੱਚ ਵਾਇਰਸ ਪੌਜ਼ਿਟਿਵ ਵਿਅਕਤੀਆਂ ਦੀ ਸੰਖਿਆ ਵਧਣ ਲੱਗੀ ਹੈ ਜਿਹੜੀ ਚਿੰਤਾ ਦੀ ਗੱਲ ਹੈ। ਪ੍ਰੀਮੀਅਰ ਵੱਲੋਂ ਇਹ ਕਹਿਣਾ ਕਿ ਪੈਨਡੈਮਿਕ ਖ਼ਤਮ ਹੋ ਗਿਆ ਹੈ ਇਸ ਗੱਲ ਦਾ ਸੰਕੇਤ ਬਣ ਸਕਦਾ ਹੈ ਕਿ ਲੋਕ ਸਾਵਧਾਨੀਆਂ ਲੈਣ ਤੋਂ ਗੁਰੇਜ਼ ਕਰਨ ਲੱਗਣਗੇ। ਪਿਛਲੇ ਦਿਨੀਂ ਪ੍ਰੀਮੀਅਰ ਜੇਸਨ ਕੈਨੀ ਵੱਖ ਵੱਖ ਬਾਰਬਿਕਿਊਜ਼ 'ਤੇ ਬਿਨਾ ਮਾਸਕ ਲਗਾਇਆਂ ਤੇ ਬਿਨਾ ਸਮਾਜਕ ਵਿੱਥ ਰੱਖਦਿਆਂ ਲੋਕਾਂ ਨਾਲ ਹੱਥ ਮਿਲਾਉਂਦੇ ਨਜ਼ਰ ਆਏ ਤੇ ਇਹ ਤਸਵੀਰਾਂ ਸੋਸ਼ਲ ਮੀਡੀਆ 'ਤੇ ਖ਼ੂਬ ਪਾਈਆਂ ਗਈਆਂ। ਯੂਨਿਵਰਸਿਟੀ ਔਫ਼ ਕੈਲਗਰੀ ਦੇ ਜਨਰਲ ਇੰਟਰਨਲ ਮੈਡਿਸਿਨ ਦੇ ਐਸਿਸਟੈਂਟ ਪ੍ਰੋਫੈਸਰ ਡਾ. ਗੈਬਰੀਅਲ ਫੈਬਰਉ ਦਾ ਕਹਿਣਾ ਹੈ ਕਿ ਉਹਨਾਂ ਦਾ ਧਿਆਨ ਇਸ ਗੱਲ ਵੱਲ ਲੱਗਿਆ ਹੋਇਆ ਹੈ ਕਿ ਸਟੈਂਪੀਡ ਮਗਰੋਂ ਵਾਇਰਸ ਪੌਜ਼ਿਟਿਵ ਕੇਸਾਂ ਵਿੱਚ ਵਾਧਾ ਨਾ ਹੋ ਜਾਵੇ।

## ਸਟੈਂਪੀਡ ਦੇਖਣ ਗਏ 6600 ਦੇ ਕਰੀਬ ਵਿਅਕਤੀਆਂ ਦੇ ਰੈਪਿਡ ਟੈਸਟ ਦੌਰਾਨ 5 ਤੋਂ ਵੀ ਘੱਟ ਵਿਅਕਤੀਆਂ ਨੂੰ ਪੌਜ਼ਿਟਿਵ ਪਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਚੱਲ ਰਹੇ ਸਟੈਂਪੀਡ ਮੇਲੇ ਦੌਰਾਨ ਨੈਸ਼ਵਿਲ ਨੌਰਥ ਦੀ ਮਿਉਜ਼ਿਕਲ ਇਵੈਂਟ ਵਿੱਚ ਪਹੁੰਚੇ 22 ਹਜ਼ਾਰ ਵਿਅਕਤੀਆਂ ਵਿੱਚੋਂ 5 ਤੋਂ ਵੀ ਘੱਟ ਜਣਿਆਂ ਨੂੰ ਕੋਵਿਡ-19 ਪੌਜ਼ਿਟਿਵ ਪਾਇਆ ਗਿਆ ਹੈ। ਇਸ ਮਿਉਜ਼ਿਕ ਬਾਰ ਵਿੱਚ ਦਾਖ਼ਲ ਹੋਣ ਵਾਸਤੇ ਦੋਵੇਂ ਟੀਕੇ ਲੱਗੇ ਹੋਣੇ ਜ਼ਰੂਰੀ ਹਨ ਤੇ ਇਸ ਦਾ ਸਬੂਤ ਵੀ ਮੰਗਿਆ ਜਾਂਦਾ ਹੈ ਅਤੇ ਨਾਲ ਹੀ ਉਹਨਾਂ ਕੋਲ ਜੇ ਇਸ ਦਾ ਸਬੂਤ ਨਾ ਹੋਵੇ ਤਾਂ ਉਹਨਾਂ ਨੂੰ ਰੈਪਿਡ ਟੈਸਟ ਵਿੱਚੋਂ ਗੁਜ਼ਰਨਾ ਪੈਂਦਾ ਹੈ। ਐਲਬਰਟਾ ਹੈਲਥ ਸਰਵਿਸਿਜ਼ ਦੇ ਮੈਡਿਕਲ ਔਫਿਸਰ ਔਫ਼ ਹੈਲਥ ਡਾ: ਜੀਆ ਹੂ ਦਾ ਕਹਿਣਾ ਹੈ ਕਿ 70% ਲੋਕਾਂ ਕੋਲ ਵੈਕਸਿਨੇਸ਼ਨ ਦਾ ਸਬੂਤ ਮੌਜੂਦ ਸੀ ਤੇ ਬਾਕੀ 30% ਭਾਵ 6600 ਦੇ ਕਰੀਬ ਵਿਅਕਤੀਆਂ ਦਾ ਰੈਪਿਡ ਟੈਸਟ ਕੀਤਾ ਗਿਆ ਤੇ ਉਹਨਾਂ ਵਿਚੋਂ 5 ਤੋਂ ਵੀ ਘੱਟ ਵਿਅਕਤੀਆਂ ਨੂੰ ਪੌਜ਼ਿਟਿਵ ਪਾਇਆ ਗਿਆ। ਪਾਰਕ ਪਲੈਨਿੰਗ ਐਂਡ ਡਿਵੈਲਪਮੈਂਟ ਦੇ ਵਾਇਸ ਪ੍ਰੈਜ਼ੀਡੈਂਟ ਜਿਮ ਲੌਰੈਂਡਉ ਦਾ ਕਹਿਣਾ ਹੈ ਕਿ ਇਹ ਪੌਲਿਸੀ ਬਹੁਤ ਕਾਰਗ਼ਰ ਰਹੀ ਹੈ ਤੇ ਸਕਰੀਨਿੰਗ ਪ੍ਰੋਗਰੈਮ ਸਫ਼ਲ ਚੱਲ ਰਿਹਾ ਹੈ। ਕੋਰੋਨਾ ਵਾਇਰਸ ਪੌਜ਼ਿਟਿਵ ਆਏ ਵਿਅਕਤੀਆਂ ਨੂੰ ਘਰਾਂ ਨੂੰ ਤੋਰਿਆ ਜਾ ਰਿਹਾ ਹੈ ਤੇ ਏ।ਐਚ।ਐਸ। ਨਾਲ ਸੰਪਰਕ ਕਰਨ ਨੂੰ ਕਿਹਾ ਜਾ ਰਿਹਾ ਹੈ।

## ਅੱਗ ਕਾਰਣ 2 ਘਰ ਨੁਕਸਾਨੇ ਗਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨੌਰਥ ਵੈਸਟ ਵਿੱਚ 2 ਘਰਾਂ ਨੂੰ ਅੱਗ ਲੱਗ ਜਾਣ ਕਾਰਨ 3 ਪਰਿਵਾਰ ਬੇਘਰ ਹੋ ਗਏ ਹਨ। ਸ਼ੇਰਵੁਡ ਕ੍ਰੈਸੈਂਟ ਨੌਰਥ ਵੈਸਟ ਦੇ 100 ਬਲੌਕ ਵਿੱਚ 2 ਮੰਜ਼ਿਲਾ ਇੱਕ ਘਰ ਨੂੰ ਅੱਗ ਲੱਗਣ ਦੀ ਸੂਚਨਾ ਐਤਵਾਰ ਨੂੰ ਦਿੱਤੀ ਗਈ ਸੀ। ਘਟਨਾ ਬੀਤੀ 17 ਜੁਲਾਈ ਸ਼ਨੀਵਾਰ ਦੀ ਅੱਧੀਰਾਤ ਮਗਰੋਂ ਐਤਵਾਰ ਦੀ ਵੱਡੀ ਤੜਕਸਾਰ ਹੋਈ। ਇਸ ਅੱਗ ਨੇ ਨਾਲ ਲਗਦੇ ਦੋ ਘਰਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਤੇ ਫਾਇਰ ਕਰੂਜ਼ ਅੱਗ 'ਤੇ ਕਾਬੂ ਪਾਉਣ ਵਿੱਚ ਲੱਗੇ ਰਹੇ। ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ ਤੇ ਇੰਸ਼ੋਰੈਂਸ ਵੱਲੋਂ ਨੁਕਸਾਨ ਦੀ ਭਰਪਾਈ ਕੀਤੀ ਜਾ ਸਕਦੀ ਹੈ ਪਰ ਨੁਕਸਾਨ ਕਾਫੀ ਹੋਇਆ ਦੱਸਿਆ ਜਾਂਦਾ ਹੈ।

## ਜੰਗਲੀ ਅੱਗਾਂ ਦਾ ਧੂੰਆਂ ਫੈਲਣ ਕਾਰਣ ਬਹੁਤ ਸਾਰੇ ਸਮਾਗਮ ਰੱਦ ਕਰਨੇ ਪਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਇਸ ਸਮੇਂ ਧੂੰਏਂ ਦੀ ਮਾਰ ਹੇਠ ਹੈ ਤੇ ਇਹ ਵਰਤਾਰਾ ਸਮੁੱਚੇ ਸੂਬੇ ਵਿੱਚ ਚੱਲ ਰਿਹਾ ਹੈ। ਜੰਗਲੀ ਅੱਗਾਂ ਤੋਂ ਫੈਲਿਆ ਧੂੰਆਂ ਏਅਰ ਕੁਆਲਿਟੀ ਖ਼ਰਾਬ ਕਰ ਗਿਆ ਹੈ। ਸਦਰਨ ਐਲਬਰਟਾ ਵਿੱਚ ਜਾਨਵਰਾਂ ਨੂੰ ਜੰਗਲੀ ਅੱਗਾਂ ਕਾਰਨ ਫੈਲੇ ਧੂੰਏਂ ਤੋਂ ਸੁਰੱਖਿਅਤ ਰੱਖਣ ਦੇ ਮੱਦੇਨਜ਼ਰ ਦੋ ਹੌਰਸ ਰੇਸਿੰਗ ਮੁਕਾਬਲੇ ਰੱਦ ਕਰ ਦਿੱਤੇ ਗਏ ਪਰ ਕੈਲਗਰੀ ਸਟੈਂਪੀਡ ਦੇ ਰੋਡੀਓ ਜਾਰੀ ਰਹੇ। ਲੰਘੇ ਐਤਵਾਰ ਬਾਦ ਦੁਪਹਿਰ ਸਾਢੇ 3 ਵਜੇ ਤੱਕ ਕੈਲਗਰੀ ਦੀ ਹਵਾ ਕੁਆਲਿਟੀ 10+ ਦਰਜ ਕੀਤੀ ਗਈ ਜਿਸ ਨੂੰ ਬਹੁਤ ਖ਼ਤਰਨਾਕ ਮੰਨਿਆ ਗਿਆ ਹੈ। ਦ ਵਲਡ ਪ੍ਰੋਫੈਸ਼ਨਲ ਚਕਵੈਗਨ ਐਸੋਸਿਏਸ਼ਨ ਦਾ ਕਹਿਣਾ ਹੈ ਕਿ ਜਾਨਵਰਾਂ ਦੇ ਮਾਹਿਰ ਡਾਕਟਰਾਂ ਦੀ ਸਿਫਾਰਿਸ਼ 'ਤੇ ਬੈਟਲ ਔਫ਼ ਫੁਟਹਿਲਜ਼ ਰੇਸਾਂ ਰੱਦ ਕਰ ਦਿੱਤੀਆਂ ਗਈਆਂ। ਇਹ ਇਵੈਂਟਸ ਐਤਵਾਰ ਸ਼ਾਮੀਂ ਸੱਤ ਵਜੇ ਹਾਇ ਰਿਵਰ ਵਿੱਚ ਹੋਣੀਆਂ ਸਨ। ਸੈਂਚੁਰੀ ਸਟੈਂਪੀਡ ਰੇਸਟ੍ਰੈਕ, ਕੈਲਗਰੀ ਵੱਲੋਂ ਇਹ ਇਵੈਂਟ ਰੱਦ ਕੱਰ ਦਿੱਤੀ ਗਈ। ਆਰਟਸ ਕੌਮਨਜ਼ ਨੇ ਵੀ ਪੌਪ-ਅਪ ਪਰਫੌਰਮੈਂਸਿਜ਼ ਈਸਟ ਵਿਲੇਜ ਵਿੱਚ ਹਵਾ ਦੀ ਕੁਆਲਿਟੀ ਨੂੰ ਵੇਖਦਿਆਂ ਰੱਦ ਕਰ ਦਿੱਤੀਆਂ ਗਈਆਂ। ਇਸ ਧੂੰਏਂ ਕਾਰਨ ਨੱਕ ਵਗਣ, ਅੱਖਾਂ ਵਿੱਚੋਂ ਪਾਣੀ ਆਉਣ, ਗ਼ਲਾ ਦੁਖਣ, ਸਿਰ ਦਰਦ ਹੋਣ ਅਤੇ ਖੰਗ ਆਉਣ ਦੀਆਂ ਸ਼ਿਕਾਇਤਾਂ ਆ ਸਕਦੀਆਂ ਹਨ। ਸਾਹ ਦੇ ਰੋਗੀਆਂ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਸਲਾਹ ਜਾਰੀ ਕੀਤੀ ਗਈ ਹੈ।

## ਕੋਵਿਡ ਮਹਾਮਾਰੀ ਕਾਰਣ ਜਿਹੜੇ ਬਿੱਲ ਉਸ ਸਮੇਂ ਨਹੀਂ ਭਰੇ ਉਹ ਹੁਣ ਭਰਨੇ ਪੈਣਗੇ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਪਿਛਲੇ ਸਾਲ ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਬੰਦ ਹੋਏ ਕਾਰੋਬਦਾਰਾਂ ਅਤੇ ਲੋਕਾਂ ਦੀ ਆਮਦਨੀ ਨੂੰ ਪਹੁੰਚੇ ਨੁਕਸਾਨ ਦੇ ਮੱਦੇਨਜ਼ਰ ਐਲਬਰਟਾ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਯੁਟਿਲਿਟੀ ਬਿਲਾਂ ਦੀ ਅਦਾਇਗੀ ਨਾ ਕਰਨ ਦੀ ਛੋਟ ਦਾ ਅਸਰ ਹੁਣ ਵੇਖਣ ਨੂੰ ਮਿਲੇਗਾ। ਜੇਸਨ ਕੈਨੀ ਸਰਕਾਰ ਨੇ ਬਿਲਾਂ ਦੀ ਅਦਾਇਗੀ ਨਾ ਕਰਨ ਦੀ ਛੋਟ ਦਿੱਤੀ ਸੀ ਪਰ ਇਹ ਬਿਲ ਮਾਫ਼ ਨਹੀਂ ਕੀਤੇ ਗਏ ਸਨ। ਹੁਣ ਉਹਨਾਂ ਬਿਲਾਂ ਦੀ ਅਦਾਇਗੀ ਕਰਨ ਦਾ ਮੌਕਾ ਆ ਗਿਆ ਹੈ ਤੇ ਇਸ ਵਾਰ ਬਿਲਾਂ ਦੀ ਰਕਮ ਵਿੱਚ ਵਾਧਾ ਵੀ ਹੋ ਰਿਹਾ ਹੈ। 2 ਲੱਖ 45 ਹਜ਼ਾਰ ਬਿਜਲੀ ਗ੍ਰਾਹਕਾਂ ਅਤੇ 1 ਲੱਖ 81 ਹਜ਼ਾਰ ਨੈਚੁਰਲ ਗੈਸ ਦੇ ਗ੍ਰਾਹਕਾਂ ਨੇ ਇਸ ਯੋਜਨਾ ਦਾ ਲਾਭ ਲਿਆ ਸੀ। 92 ਮਿਲੀਅਨ ਡਾਲਰਾਂ ਦੀਆਂ ਪੇਅਮੈਂਟਾਂ ਦਾ ਭੁਗਤਾਨ ਰੋਕਿਆ ਗਿਆ ਸੀ ਅਤੇ ਉਸ ਵਿਚੋਂ 13 ਤੋਂ 16 ਮਿਲੀਅਨ ਡਾਲਰਾਂ ਦਾ ਭੁਗਤਾਨ ਅਜੇ ਵੀ ਨਹੀਂ ਕੀਤਾ ਗਿਆ ਹੈ। ਐਨਡੀਪੀ ਦੀ ਐਨਰਜੀ ਕ੍ਰਿਟਿਕ ਕੈਥਲੀਨ ਗੈਨਲੀ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੂੰ ਇਹ ਰਕਮ ਵਾਪਸ ਨਹੀਂ ਲੈਣੀ ਚਾਹੀਦੀ ਤੇ ਪ੍ਰਾਇਸ ਕੈਪ ਵੀ ਲਾਗੂ ਕਰਨਾ ਚਾਹੀਦਾ ਹੈ।




ਹੁਣ ਮੁਫਤ ਵਿੱਚ ਕਿਤਾਬਾਂ ਅਤੇ ਖਾਣੇ ਵਾਲੀਆਂ ਅਲਮਾਰੀਆਂ ਸੜਕਾਂ ਕਿਨਾਰੇ 24 ਘੰਟੇ ਖੁੱਲੀਆਂ ਰਹਿਣਗੀਆਂ ।ਇਹ ਉਪਰਾਲਾ ਲਵ ਵਿੱਦ ਹਿਊਮੈਨਿਟੀ ਐਸੋਸੀਏਸਨ ਕੈਲਗਰੀ ਵਾਸੀ ਸਈਅਦ ਵੱਲੋਂ ਕੀਤਾ ਗਿਆ ਹੈ ।ਕੈਲਗਰੀ ਦੇ ਨਾਰਥ ਈਸਟ ਇਲਾਕੇ ਵਿੱਚ ਫਾਲਕਿਨ ਰਿੱਜ ਕਮਓਿਨਿਟੀ ਅੰਦਰ ਇਸ ਬਰਾਂਚ ਦਾ ਉਦਘਾਟਨ ਅਲਬਰਟਾ ਦੀ ਲਿਓਟੀਨੈਟ ਗਵਰਨਰ ਸਲਮਾ ਲਖਾਨੀ ਨੇ ਕੀਤਾ ।ਇਸ ਤੋਂ ਪਹਿਲਾਂ ਵੀ ਕੈਲਗਰੀ ਦੇ ਬਹੁਤ ਸਾਰੇ ਥਾਵਾਂ ਉੱਪਰ ਅਜਿਹੀਆਂ ਸੇਵਾਵਾਂ ਮਿਲਦੀਆਂ ਹਨ।

# ਚਿੜੀਆਂ ਹੋਈਆਂ ਕੱਠੀਆਂ, ਅੰਬਰੋਂ ਰਿਸ਼ਮਾਂ ਲੱਥੀਆਂ








ਕੈਲਗਰੀ (ਪੰਜਾਬੀ ਅਖਬਾਰ ਬਿਊਰੋ) - ਨਾਮੁਰਾਦ ਕੋਵਿਡ ਦੀਆਂ ਸਵਾ ਸਾਲ ਦੀਆਂ ਪਾਬੰਦੀਆਂ ਦੀ ਕੈਦ ਤੋਂ ਮੁਕਤ ਹੋ ਕੈਲਗਰੀ ਦੇ ਪਾਰਕਾਂ ਵਿੱਚ ਰੌਣਕਾਂ ਲਗ ਰਹੀਆਂ ਹਨ। ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਨੇ ਆਪਣੀ ਮਹੀਨਾਵਾਰ ਮੀਟਿੰਗ ਲਈ ਪਰੇਰੀ ਵਿੰਡ ਪਾਰਕ ਦੇ ਰੁੱਖਾਂ ਦੀ ਠੰਢੀ ਛਾਂ ਹੇਠ ਹਰੀ ਹਰੀ ਘਾਹ ਚੁਣੀ। ਪੱਚੀ ਤੀਹ ਮੈਂਬਰ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਕੁਝ ਕੁ ਨੇ ਆਪਣੇ ਨਾਲ ਲਿਆਂਦੀਆਂ ਕੁਰਸੀਆਂ ਅਤੇ ਬਾਕੀਆਂ ਨੇ ਘਾਹ ਤੇ ਬੈਠ ਮੀਟਿੰਗ ਦਾ ਆਨੰਦ ਮਾਣਿਆ। ਪ੍ਰਧਾਨ ਬਲਵਿੰਦਰ ਬਰਾੜ ਨੇ ਕਰੋਨਾ ਦੇ ਦੁਖਦਾਈ ਖ਼ੌਫ਼ ਭਰੇ ਲੰਮੇ ਅੰਤਰਾਲ ਬਾਦ ਖੁੱਲ੍ਹੇ ਅਸਮਾਨ ਹੇਠਾਂ ਇੱਕਠੇ ਹੋ ਮਿਲ ਬੈਠਣ ਤੇ ਸਭ ਨੂੰ ਜੀ ਆਇਆਂ ਕਿਹਾ ਅਤੇ ਕੁਦਰਤ ਦੇ ਸੁਹੱਪਣ ਨਾਲ ਸਰਸ਼ਾਰ ਸਾਉਣ ਮਹੀਨੇ ਦੇ ਸ਼ੁਭ ਆਗਮਨ ਦਾ ਸੁਆਗਤ ਕੀਤਾ। ਮੀਟਿੰਗ ਦਾ ਸੰਚਾਲਨ ਕਰ ਰਹੇ ਹਰਮਿੰਦਰ ਚੁੱਗ ਨੇ ਹਾਜ਼ਰ ਭੈਣਾਂ ਨੂੰ ਆਪਣੇ ਮਨ ਦੇ ਵਲਵਲੇ ਸਾਂਝੇ ਕਰਨ ਲਈ ਵਾਰੀ ਵਾਰੀ ਸੱਦਾ ਦਿੱਤਾ। ਸਰਬਜੀਤ ਉੱਪਲ ਨੇ ਬੋਲੀਆਂ ਪਾ ਕੇ ਸਾਉਣ ਮਹੀਨੇ ਦੀ ਇਸ ਮੀਟਿੰਗ ਦੀ ਸ਼ੁਰੂਆਤ ਕੀਤੀ। ਸੁਖਜੀਤ ਸੈਣੀ ਨੇ ਅੱਜ ਦੀ ਮੀਟਿੰਗ ਨੂੰ ਸਮਰਪਤ ਆਪਣੇ ਬੋਲ,'ਨੀ ਚਿੜੀਆਂ ਹੋਈਆਂ ਕੱਠੀਆਂ, ਜਿੰਵੇਂ ਕੋਈ ਅੰਬਰੋਂ ਰਿਸ਼ਮਾਂ ਲੱਥੀਆਂ' ਸੁਣਾ ਕੁੜੀਆਂ ਦੀ ਚਿੜੀਆਂ ਨਾਲ ਕੀਤੀ ਜਾਣ ਵਾਲੀ ਤੁਲਨਾ ਪੇਸ਼ ਕਰ ਰੰਗ ਬਿਰੰਗੇ ਸੂਟਾਂ ਵਿੱਚ ਸਜੀਆਂ ਬੁੱਡੀਆਂ ਆਖੀਆਂ ਜਾਣ ਵਾਲੀਆਂ ਔਰਤਾਂ ਅੰਦਰ ਲੱਡੂ ਫੁੱਟਣ ਲਾ ਦਿੱਤੇ।

ਗੁਰਚਰਨ ਥਿੰਦ ਨੇ ਕੋਵਿਡ-ਕਾਲ ਦੌਰਾਨ ਘਰਾਂ ਅੰਦਰ ਬੰਦ ਰਹਿਣ ਕਾਰਨ ਹੋਣ ਵਾਲੇ ਦਿਮਾਗੀ ਤਨਾਅ ਦੀ ਗੱਲ ਕਰਦੇ ਕਿਹਾ ਕਿ ਵੱਡੀ ਉਮਰ ਦੀਆਂ ਔਰਤਾਂ ਵੀ ਇਸ ਦਿਮਾਗੀ ਤਨਾਅ ਤੋਂ ਪ੍ਰਭਾਵਿਤ ਹੋਈਆਂ ਹਨ। ਇਸ ਤਨਾਅ ਦਾ ਪ੍ਰਬੰਧਨ ਕਰਨ ਸਬੰਧੀ ਨਾਰਥ ਆਫ਼ ਮੈਕਨਾਈਟ ਕਮਿਊਨੀਟੀਜ਼ ਸੋਸਾਇਟੀ ਵਲੋਂ ਸ਼ੁਰੂ ਕੀਤੇ ਜਾਣ ਵਾਲੇ ਪ੍ਰਾਜੈਕਟ ਸਬੰਧੀ ਜਾਣਕਾਰੀ ਦੇਣ ਲਈ ਲਲਿਤਾ ਜੀ ਨੂੰ ਸੱਦਾ ਦਿੱਤਾ। ਲਲਿਤਾ ਜੀ ਨੇ ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਇਸ ਪ੍ਰਾਜੈਕਟ ਦਾ ਹਿੱਸਾ ਬਣਨ ਲਈ ਪ੍ਰੇਰਿਆ। ਅੱਜ ਦੀ ਮੀਟਿੰਗ ਵਿੱਚ ਸਾਦਾਤ ਰੁਬੀਨਾ ਨੇ ਆਪਣੀ ਰਚਨਾ, ਉਮੁਹੱਬਤੋਂ ਕੇ ਸਫ਼ੀਰ ਬਨਕਰ ਅਮਨ ਕੀ ਆਸ਼ਾ ਜਲਾ ਕਰ ਦੇਖੋ, ਜੋ ਸ਼ਾਮ ਕੋ ਬੁਝਾ ਦੀਏ ਥੇ ਵੋ ਦੀਏ ਸਾਰੇ ਜਲਾ ਕਰ ਦੇਖੋ।" ਪੇਸ਼ ਕਰ ਪੂਰਬੀ ਤੇ ਪੱਛਮੀ ਪੰਜਾਬ ਦੇ ਰੌਸ਼ਨ ਭਵਿੱਖ ਦੀ ਦੁਆ ਕੀਤੀ। ਸੁਰਿੰਦਰ ਸੰਧੂ ਜੀ ਨੇ, ਉਕੱਲਾ ਸ਼ੇਰ ਨਹੀਂ ਚਿਖਾ ਦੇ ਵਿੱਚ ਸੜਿਆ, ਸੜ ਗਈ ਵਿੱਚ ਤਕਦੀਰ ਪੰਜਾਬੀਆਂ ਦੀ।" ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਕਵੀਸ਼ਰੀ ਆਪਣੀ ਬੁਲੰਦ ਅਵਾਜ਼ ਵਿੱਚ ਸੁਣਾ ਕੇ ਵਾਹ ਵਾਹ ਖੱਟ ਲਈ।

ਸ਼ਵਿੰਦਰ ਕੌਰ ਨੇ ਖੰਘੂਰਾ ਮਾਰ ਕੇ ਅੰਦਰ ਵੜ੍ਹਨ ਵਾਲੇ ਬਾਪੂ ਦੇ ਖੰਘੂਰਾ ਮਾਰਨ ਕਾਰਨ ਕਰੋਨਾ ਦਾ ਮਰੀਜ਼ ਸਮਝੇ ਜਾਣ ਦਾ ਦੁਖਾਂਤ ਦਰਸਾਉਂਦੀ ਵਿਅੰਗ ਰਚਨਾ ਸੁਣਾ ਕੇ ਹਾਸਾ ਪਾ ਦਿੱਤਾ। ਸੁਰਜੀਤ ਢਿਲੋਂ ਨੇ ਅਜੋਕੀ ਦੁਨੀਆਂ ਵਿੱਚ ਸਾਰੇ ਗੋਰਖ ਧੰਦਿਆਂ ਲਈ ਬੰਦੇ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੀ 'ਗੋਰਖ ਧੰਦਾ' ਕਵਿਤਾ ਸੁਣਾਈ॥ ਹਰਚਰਨ ਬਾਸੀ ਨੇ ਲੋਕ ਗੀਤ, ਸੁਰਿੰਦਰ ਵਿਰਦੀ ਨੇ ਵਧਦੀ ਉਮਰ ਦੇ ਹਰ ਪਲ ਦਾ ਆਨੰਦ ਮਾਨਣ ਦਾ ਹੋਕਾ ਦਿੰਦੀ ਆਸ਼ਾਵਾਦੀ ਰਚਨਾ, ਅਮਰਜੀਤ ਵਿਰਦੀ ਨੇ ਫਿਲਮੀ ਗੀਤ ਅਤੇ ਹਰਮਿੰਦਰ ਚੁੱਗ ਨੇ ਖ਼ੂਬਸੂਰਤ ਅਵਾਜ਼ ਵਿੱਚ ਅਜ਼ਾਦੀ ਨੂੰ ਮੁਖਾਤਬ ਗੀਤ, ਉਸੁਣ ਨੀ ਅਜ਼ਾਦੀਏ ਸਾਥੋਂ ਦਰਦ ਨਾ ਜਾਏ ਸੁਣਾਇਆ, ਇੱਕ ਅਰਸੇ ਤੋਂ ਅੜੀਏ ਨੀ ਤੂੰ ਸਿਦਕ ਸਾਡਾ ਅਜ਼ਮਾਇਆ।" ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਹਰਦੇਵ ਮਾਟਾ ਅਤੇ ਗੁਰਜੀਤ ਬੈਦਵਾਨ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਗੁਰਚਰਨ ਥਿੰਦ ਵਲੋਂ ਸ਼ੁਰੂ ਕੀਤੇ 'ਵੇ ਲੈਂਦੇ ਮੈਨੂੰ ਮਖ਼ਮਲ ਦੀ ਪੱਖ ਘੁੰਗਰੂਆਂ ਵਾਲੀ ਪੱਖੀ' ਸੁਰਿੰਦਰ ਕੌਰ ਦੇ ਗਾਏ ਗੀਤ ਨੂੰ ਸਮੂਹ ਗਾਨ ਵਾਂਗ ਸਭ ਨੇ ਮਿਲ ਕੇ ਗਾਇਆ ਅਤੇ ਬੋਲੀਆਂ ਪਾ ਕੁਝ ਦੇਰ ਸਾਉਣ ਮਹੀਨੇ ਦੇ ਗਿੱਧੇ ਦਾ ਆਨੰਦ ਮਾਣਿਆ। ਇੰਜ ਠੰਡੇ ਪੀਂਦਿਆਂ, ਲੱਡੂ, ਵੇਸਣ ਤੇ ਨਮਕੀਨ ਦਾ ਸੁਆਦ ਮਾਣਦਿਆਂ, ਹੱਸਦਿਆਂ ਖੇਡਦਿਆਂ ਲੰਮਾ ਸਮਾਂ ਹੰਢਾਈ ਇਕੱਲਤਾ ਨੂੰ ਅਲਵਿਦਾ ਆਖ ਮੀਟਿੰਗ ਦੀ ਸਮਾਪਤੀ ਹੋਈ। ਬਲਵਿੰਦਰ ਬਰਾੜ ਵਲੋਂ ਅਗਲੇ ਮਹੀਨੇ ਇੱਕ ਰੋਜ਼ਾ ਪਿਕਨਿਕ ਤੇ ਜਾਣ ਦੀ ਅਨਾਊਂਸਮੈਂਟ ਦੀ ਖ਼ੁਸ਼ੀ ਪੱਲੇ ਬੰਨ੍ਹੀ ਸਾਰੇ ਜਣੇ ਖ਼ੁਸ਼ੀ ਖ਼ੁਸ਼ੀ ਰੁਖ਼ਸਤ ਹੋ ਗਏ।






# ਚਹੇਤੇ, ਚਾਹੁੰਣ ਵਾਲਿਆਂ ਤੋਂ ਭੇਡਾਂ, ਲੀਰਾਂ, ਸਾਲਿਆਂ, ਪ੍ਰਾਹੁਣਿਆਂ ਤੱਕ ਦਾ ਸਫਰ



ਮਨਦੀਪ ਸਿੰਘ ਖੁਰਮੀ

ਕਿਸੇ ਗਾਇਕ ਦਾ ਫੈਨ ਜਾਂ ਚਾਹੁਣ ਵਾਲਾ, ਉਸ ਗਾਇਕ ਲਈ ਗੀਤ ਲਿਖਣ ਵਾਲਾ ਜਾਂ ਸੰਗੀਤ ਤਿਆਰ ਕਰਨ ਵਾਲਾ ਲਿਆਕਤਮੰਦ ਹੋ ਸਕਦੈ ਪਰ ਇਸ ਗੱਲ ਦੀ ਕਦਾਚਿਤ ਗਾਰੰਟੀ ਨਹੀਂ ਕਿ ਓਹ ਗਾਇਕ ਬੁੱਝੜ ਨਹੀਂ ਹੋ ਸਕਦਾ। ਗਾਇਕੀ ਖੇਤਰ ਵਿੱਚ ਅਸੀਂ ਸ਼ੋਹਰਤ ਤੇ ਮਿਹਨਤ ਦੇ ਤੁਪਕੇ ਤੁਪਕੇ ਦੀ ਖੁਰਾਕ ਨਾਲ ਪਲੇ ਤੇ ਛਾਵਾਂ ਵੰਡਣ ਵਾਲੇ ਬੋਹੜ ਵੀ ਬਹੁਤ ਦੇਖੇ ਹੋਣਗੇ ਤੇ ਸਾਡੀਆਂ ਰਗਾਂ 'ਚ ਸਿੱਧੀ ਫੈਨਪੁਣੇ ਦੀ ਨਾਲੀ ਲਾ ਕੇ ਦਿਨਾਂ 'ਚ ਵਧੇ ਸਫੈਦੇ ਵੀ ਬਹੁਤ ਦੇਖੇ ਹੋਣਗੇ। ਸਭ ਤੋਂ ਪਹਿਲਾਂ ਇਹ ਗੱਲ ਦਿਮਾਗ ਦਾ ਹਿੱਸਾ ਬਣਾਉਣ ਦੀ ਲੋੜ ਐ ਕਿ ਸਫੈਦਾ ਅਸਮਾਨ ਵੱਲ ਨੂੰ ਲੰਮਾ ਤਾਂ ਬਹੁਤ ਲੰਘ ਜਾਂਦੈ ਪਰ ਜੜ੍ਹ ਜਿਆਦਾ ਡੂੰਘੀ ਨਹੀਂ ਹੁੰਦੀ।

ਇੱਕ ਸਰੋਤੇ ਵਜੋਂ ਜਿਓਂ ਹੀ ਕੋਈ ਗੀਤ ਟੁੰਬਦੈ ਤਾਂ ਵਾਰ ਵਾਰ ਸੁਣਦਾ ਹਾਂ ਪਰ ਜਿਸ ਚੀਜ ਨੂੰ ਅੱਖ ਨਾ ਝੱਲੇ, ਓਹਨੂੰ ਜੀਭ ਨਹੀਂ ਝੱਲ ਸਕਦੀ। ਗਾਇਕਾਂ ਦੇ ਫੈਨ ਬਣਨਾ ਮਾੜੀ ਗੱਲ ਨਹੀਂ, ਸਗੋਂ ਪਿਛਲੱਗ ਬਣਨਾ ਓਨਾ ਹੀ ਖਤਰਨਾਕ ਹੈ ਜਿੰਨਾ ਪੈਸੇ ਜਾਂ ਬੋਤਲ ਖਾਤਰ ਵੋਟ ਵੇਚਣੀ। ਮਾਂ ਪਿਓ ਨੂੰ ਘਰੇ ਪਾਣੀ ਨਾ ਪੁੱਛਣਾ ਤੇ ਡੇਰੇ ਜਾ ਕੇ ਬੂਬਨੇ ਦੇ ਖੁਰਾੜਿਆਂ ਦੀ ਮੈਲ ਧੋਣੀ। ਤੁਸੀਂ ਇੱਕ ਨੂੰ ਸੁਣਦੇ ਹੋ ਤੇ ਦੂਜਾ ਤੁਹਾਨੂੰ ਲੀਰਾਂ, ਭੇਡਾਂ, ਖੱਚਾਂ ਦੱਸੇ ? ਇਹ ਕਸੂਰ ਓਹਨਾਂ ਦਾ ਨਹੀਂ, ਸਗੋਂ ਸਾਡਾ ਹੈ। ਅਸੀਂ ਇਹ 'ਸਮਾਨ' ਖੁਦ ਬਣ ਰਹੇ ਹਾਂ, ਓਹਨਾਂ ਨੂੰ ਮੂੰਹ ਥਾਈਂ ਜੰਗਲ ਪਾਣੀ ਜਾਣ ਦੀ ਆਦਤ ਪਾ ਰਹੇ ਹਾਂ। ਅਸੀਂ ਇਹ ਨਹੀਂ ਕਿਹਾ ਕਿ "ਨਿੱਕਿਆ! ਤੇਰੀ ਜੀਭ ਗਾਉਂਦੀ ਹੀ ਸ਼ੋਭਦੀ ਐ। ਜੇ ਸਾਡੇ ਹੋਰ ਭੈਣਾਂ ਭਾਈਆਂ ਨੂੰ ਤੂੰ ਭੇਡਾਂ ਬੱਕਰੀਆਂ ਦੱਸੇਂਗਾ, ਤਾਂ ਮੂਹਰਲਾ ਅਖੌਤੀ ਵੈਲੀ ਤੇਰੇ ਪਿਛਲੱਗ ਸਾਡੇ ਹੀ ਭੈਣਾਂ ਭਾਈਆਂ ਲਈ ਪਤਾ ਨਹੀਂ ਕੀ ਕੀ ਗੰਦ ਮੂੰਹ ਰਾਹੀਂ ਹੱਗੂ ?"

ਗੀਤਾਂ 'ਚ ਸਾਲੇ ਪ੍ਰਾਹੁਣੇ ਸੁਣਨ ਦੇ 'ਰਿਵਾਜ' ਨੂੰ ਵੀ ਤਾਂ ਅਸੀਂ ਹੀ ਹਵਾ ਦੇ ਰਹੇ ਹਾਂ। ਅਸੀਂ ਕੂਕਾਂ ਚੀਕਾਂ ਮਾਰ ਮਾਰ ਕੇ ਸਹਿਮਤੀ ਦੇ ਦਿੰਨੇ ਆਂ ਕਿ "ਪ੍ਰਵਾਨ ਆ ਬਈ, ਪ੍ਰਵਾਨ ਐ। ਅਗਲੇ ਗੀਤ 'ਚ ਮਾਂ ਦੀ ਗਾਲ ਕੱਢੀਂ। ਅਸੀਂ ਚੀਕਾਂ ਦੇ ਨਾਲ ਨਾਲ ਭੰਗੜਾ ਵੀ ਪਾਵਾਂਗੇ।"

ਇੱਕ ਕੁਆਰੀ ਬੀਬੀ ਦੇ ਨਾਂ ਖਤ ਰੂਪੀ ਲੇਖ ਲਿਖਿਆ ਸੀ ਤਾਂ ਗੁੰਮਰਾਹ ਹੋਏ 'ਕੁਝ' ਕੁ ਸੱਜਣਾਂ ਵੱਲੋਂ "ਧਮਕਾਊ-ਸੰਵਾਦ" ਸ਼ੁਰੂ ਕੀਤਾ ਗਿਆ ਸੀ। ਹਾਲਾਂਕਿ ਉਸ ਲੇਖ 'ਚ ਗਾਇਕਾ ਨੂੰ ਕੁਝ ਕੁ ਸਵਾਲ ਕੀਤੇ ਸਨ ਪਰ ਦੋ ਵੱਖ ਵੱਖ ਮੁਲਕਾਂ (ਇਟਲੀ ਤੇ ਅਮਰੀਕਾ) ਤੋਂ ਮਾਰਨ ਤੱਕ ਦੀ ਧਮਕੀ ਵੀ ਆਈ। (ਸ਼ਾਇਦ ਪ੍ਰਮੋਟਰ ਸੱਜਣ ਹੋਣਗੇ) ਸਬੱਬੀਂ ਦੋਵੇਂ ਦੇਸ਼ੀਂ ਹੀ ਜਾਣ ਦਾ ਸਬੱਬ ਬਣ ਗਿਆ। ਦੋਵੇਂ ਥਾਈਂ ਜਾ ਕੇ ਖੁੱਲ੍ਹੇਆਮ ਇਹੀ ਸੱਦਾ ਦਿੱਤਾ ਸੀ ਕਿ "ਮੈਂ ਮਰਨ ਲਈ ਖੁਦ ਹਵਾਈ ਟਿਕਟ ਖਰਚ ਕੇ ਤੁਹਾਡੇ ਦੇਸ਼ ਆਇਆ ਹਾਂ। ਜੀਅ ਸਦਕੇ ਮਾਰੋ ਪਰ ਓਹੀ ਸਵਾਲਾਂ ਦੇ ਜੁਆਬ ਤੁਸੀਂ ਜਰੂਰ ਦੇ ਦੇਣੇ।" ਅਮਰੀਕਾ ਤਾਂ ਮੈਂ ਲਗਭਗ ਦੋ ਹਫਤੇ ਰਿਹਾ, ਪਰ ਬਹੁੜਿਆ ਕੋਈ ਨਾ। ਵਜ੍ਹਾ ਇਹੀ ਸੀ ਕਿ ਜਿਵੇਂ ਅਸੀਂ ਜੀਭ ਦੇ ਸੁਆਦ ਲਈ ਤਰ੍ਹਾਂ ਤਰ੍ਹਾਂ ਦੇ ਖਾਣੇ ਖਾਂਦੇ ਹਾਂ, ਓਸੇ ਤਰ੍ਹਾਂ ਹੀ ਕੰਨਾਂ ਦੇ ਸੁਆਦ ਲਈ ਇੱਕ ਕਿੱਲੇ ਬੱਝ ਹੀ ਨਹੀਂ ਸਕਦੇ। ਇਹੀ ਕਾਰਨ ਹੋ ਸਕਦੈ ਕਿ ਮੇਰੇ ਅਮਰੀਕਾ ਜਾਂ ਇਟਲੀ ਜਾਣ ਤੱਕ ਉਹਨਾਂ "ਬਦਮਾਸ਼ ਫੈਨਾਂ" ਨੇ ਕਿਸੇ ਹੋਰ ਨੂੰ ਸੁਣਨਾ ਸ਼ੁਰੂ ਕਰ ਦਿੱਤਾ ਹੋਵੇ।

ਸਾਡੇ ਮਾਨਸਿਕ ਨਿਘਾਰ ਦਾ ਸਬੂਤ ਹੀ ਹੈ ਇਹ, ਕਿ ਅਸੀਂ ਦੂਜੇ ਨੂੰ ਸਾਲਾ ਬਣਾ ਕੇ ਤੇ ਪ੍ਰਾਹੁਣਾ ਅਖਵਾ ਕੇ ਜੇਤੂ ਮਹਿਸੂਸ ਕਰਦੇ ਹਾਂ। ਜੇ ਸਾਲਾ ਸ਼ਬਦ ਐਨਾ ਹੀ ਤਰਸ ਦਾ ਪਾਤਰ ਐ ਤਾਂ ਦੁਆ ਕਰੂੰਗਾ ਕਿ ਅਜਿਹੇ ਕਪੂਤ ਦੇ ਘਰੇ ਕੁੜੀ ਨਾ ਹੀ ਜੰਮੇ। ਜਿਹੜੇ ਕਲੱਗ ਲਈ ਕੁੜੀ ਸਿਰਫ਼ 'ਪ੍ਰਾਹੁਣੇ ਦਾ ਤਾਜ' ਸਿਰ ਧਰਾਉਣ ਵਾਲੀ ਸ਼ਾਮਲਾਟ ਹੈ, ਅਜਿਹੇ ਦੇ ਘਰੋਂ ਕਦੇ ਵੀ ਕੋਈ ਵੀ ਮਨਹੂਸ ਖਬਰ ਸੁਣਨ ਨੂੰ ਮਿਲ ਸਕਦੀ ਐ। ਗੀਤਾਂ 'ਚ ਸਾਲੇ ਪ੍ਰਾਹੁਣਿਆਂ ਵਾਲੇ ਬੋਲਾਂ 'ਤੇ ਬਾਘੀਆਂ ਪਾਉਣ ਵਾਲਿਆਂ ਨੂੰ ਇਹ ਵੀ ਸੋਚਣਾ ਪਵੇਗਾ ਕਿ ਇਹ ਤੁਹਾਡੇ ਲਈ ਵੀ ਕਿਹਾ ਗਿਆ ਹੈ। ਕਿਉਂਕਿ ਤੁਸੀਂ ਇੱਕ ਦੇ ਫੈਨ ਤੇ ਦੂਜੇ ਲਈ ਇਹੀ ਕੁਝ ਹੋ। ਇਹ ਸਵਾਲ ਵੀ ਵਾਰ ਵਾਰ ਜਹਿਨ 'ਚ ਆਉਂਦੈ ਕਿ ਜੇ 'ਪ੍ਰਾਹੁਣਾ' ਸ਼ਬਦ ਕਿਸੇ ਜਿੱਤ, ਹੈਂਕੜ ਜਾਂ ਧੌਂਸ ਦਾ ਪ੍ਰਤੀਕ ਐ ਤਾਂ...... ਗੀਤਾਂ 'ਚ ਪ੍ਰਾਹੁਣਾ ਪ੍ਰਾਹੁਣਾ ਦਾ ਅਲਾਪ ਰਟਣ ਵਾਲੇ ਆਪਣੀਆਂ ਭੈਣਾਂ ਨੂੰ ਤਾ-ਉਮਰ ਕੁਆਰੀਆਂ ਰੱਖਣਗੇ ਕਿ ਕਿਸੇ ਦੇ ਸਾਲੇ ਬਣਨਾ ਪਊ ??

ਥੋੜ੍ਹੀ ਜਿਹੀ ਉਮਰ 'ਚ ਹੀ ਉੱਚੇ ਉੱਚੇ ਸਫੈਦੇ ਖਤਾਨਾਂ 'ਚ ਡਿੱਗੇ ਪਏ ਦੇਖੇ ਹਨ। ਮੀਂਹ ਕਣੀ ਜੜ੍ਹਾਂ ਨਾਲ ਕਿਲੋ ਮਿੱਟੀ ਵੀ ਨਹੀਂ ਲੱਗੀ ਰਹਿਣ ਦਿੰਦੀ। ਪੱਤੇ, ਬੱਕਰੀਆਂ ਭੇਡਾਂ ਦੀ ਹੀ ਖੁਰਾਕ ਬਣ ਜਾਂਦੇ ਨੇ ਤੇ ਟਾਹਣੀਆਂ ਲੋੜਵੰਦਾਂ ਦੇ ਚੁੱਲ੍ਹਿਆਂ ਦਾ ਬਾਲਣ ਬਣ ਜਾਂਦੀਆਂ ਹਨ। ਬਾਕੀ ਬਚਦਾ ਮੁੱਚਰ ਸਿਉਂਕ ਦੇ ਹਿੱਸੇ ਆ ਜਾਂਦੈ। ਸਵਾਲ ਸਾਡੇ ਸਭ ਲਈ ਐ ਕਿ ਬਣਨਾ ਕੀ ਐ ? ਸਾਲੇ ਪ੍ਰਾਹੁਣੇ ਬਣਨੈ ? ਸਿਰਫ ਪਿਛਲੱਗ ਸ਼ਰਧਾਲੂ, ਫੈਨ ਬਣਨੈ ? ਜਾਂ ਆਪਣੇ ਖੋਪੜ ਵਰਤਣ ਵਾਲੇ ਬਣਨੈ ?? ਲੋੜ ਤਾਂ ਇਹੀ ਐ ਕਿ ਸਾਲੇ ਜਾਂ ਪ੍ਰਾਹੁਣੇ ਬਣਨ ਬਣਾਉਣ ਦੀ ਦੌੜ 'ਚ ਬਚਿਆ ਖੁਚਿਆ ਦਿਮਾਗ ਖਰਚਣ ਨਾਲੋਂ ਬੰਦੇ ਬਣ ਲਿਆ ਜਾਵੇ। ਸਮਾਜ 'ਚ ਗੰਦ ਪਾਉਣ ਨਾਲੋਂ ਗੰਦ ਸਾਫ ਕਰਨ ਵਾਲਿਆਂ 'ਚ ਸ਼ੁਮਾਰ ਹੋਈਏ। ਸਾਡੇ ਛੇ ਛੇ ਫੁੱਟੇ ਕੱਦ, ਮੋਢੇ ਡੱਬਾਂ 'ਚ ਟੰਗੇ ਪਿਸਤੌਲ ਬੰਦੂਕਾਂ, ਫੁਕਰੀਆਂ ਕਿਸੇ ਕੰਮ ਨਹੀਂ ਕਿਉਂਕਿ ਕੁੱਤਾ ਵੀ ਪੂਛ ਮਾਰਕੇ, ਥਾਂ ਸਾਫ ਕਰਕੇ ਬਹਿੰਦੈ।

ਸ਼ਾਇਦ ਇਸੇ ਕਰਕੇ ਹੀ ਕਿਸੇ ਦੀ ਮੱਤ ਟਿਕਾਣੇ ਲਿਆਉਣ ਲਈ ਅਕਸਰ ਹੀ ਇਹੀ ਕਿਹਾ ਜਾਂਦੈ ਕਿ "ਤੈਨੂੰ ਮੈਂ ਬਣਾਉਨਾਂ ਬੰਦਾ"। ਸਿੱਧਾ ਜਿਹਾ ਮਤਲਬ ਮੁੜ ਇਹੀ ਐ ਕਿ ਅਸੀਂ ਅਜੇ ਬੰਦੇ ਵੀ ਨਹੀਂ ਬਣ ਸਕੇ।

## ਗੋਲੀਬਾਰੀ ਵਿੱਚ ਮਰਨ ਵਾਲੇ ਵਿਅਕਤੀ ਦੀ ਪਛਾਣ ਅਵਿੰਦਰ ਸਿੰਘ ਤੂਰ ਵੱਜੋਂ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਊਥ ਵੈਸਟ ਕੈਲਗਰੀ ਦੇ ਕ੍ਰੈਸਟ-ਹੇਨ ਪਲੇਸ 'ਤੇ ਬੀਤੇ ਦਿਨੀ ਹੋਈ ਗੋਲੀਬਾਰੀ ਦੀ ਵਾਰਦਾਤ ਵਿੱਚ ਮਾਰੇ ਗਏ ਵਿਅਕਤੀ ਦੀ ਪਛਾਣ ਜਾਰੀ ਕਰ ਦਿੱਤੀ ਗਈ ਹੈ। ਉਸ ਦੀ ਪਹਿਚਾਣ ਭਾਰਤੀ ਮੂਲ ਦੇ 37 ਸਾਲਾ ਅਵਿੰਦਰ ਸਿੰਘ ਤੂਰ ਵਜੋਂ ਕੀਤੀ ਗਈ ਹੈ। ਉਸ ਦਿਨ ਇੱਕ ਗੱਡੀ ਉਸ ਦੇ ਕੋਲ ਆ ਕੇ ਰੁਕੀ, ਹਮਲਾਵਰਾਂ ਨੇ ਅਵਿੰਦਰ ਸਿੰਘ ਤੂਰ ਅਤੇ ਉਸ ਦੇ ਕੁੱਤੇ ਨੂੰ ਗੋਲੀ ਮਾਰੀ ਤੇ ਫ਼ਰਾਰ ਹੋ ਗਏ। ਮਗਰੋਂ ਇਹ ਗੱਡੀ ਕੌਕਰੇਨ ਨੇੜਿਓਂ ਬਰਾਮਦ ਕੀਤੀ ਗਈ ਤੇ ਉਸ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ। ਕ੍ਰੈਸਟਮੌਂਟ ਇਲਾਕੇ ਵਿੱਚ ਜਿੱਥੇ ਇਹ ਗੋਲੀ ਚੱਲੀ, ਉਥੇ ਕਿਸੇ ਹੋਰ ਪ੍ਰੋਪਰਟੀ ਨੂੰ ਨੁਕਸਾਨ ਨਹੀਂ ਪਹੁੰਚਿਆ।

## ਅਗਲੇ ਪੜਾਅ ਵਿੱਚ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਟੀਕੇ ਲੱਗਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਵੈਕਸਿਨੇਸ਼ਨ ਦਾ ਅਗਲਾ ਪੜਾਅ ਸ਼ੁਰੂ ਕੀਤਾ ਜਾ ਰਿਹਾ ਹੈ। ਹੁਣ ਸਿਹਤ ਅਧਿਕਾਰੀਆਂ ਨੇ ਚੇਤਾਵਨੀ ਦੇਣੀ ਸ਼ੁਰੂ ਕਰ ਦਿੱਤੀ ਹੈ ਕਿ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੀ ਇਹ ਵਾਇਰਸ ਘੇਰ ਸਕਦਾ ਹੈ ਤੇ ਨਵੇਂ ਵੇਰੀਐਂਟ ਨੇ ਸਿਹਤ ਅਧਿਕਾਰੀਆਂ ਦੀਆਂ ਚਿੰਤਾਵਾਂ ਵਿੱਚ ਵਾਧਾ ਕਰ ਦਿੱਤਾ ਹੈ। ਦੇਸ਼ ਦੀ ਚੀਫ਼ ਪਬਲਿਕ ਹੈਲਥ ਔਫਿਸਰ ਡਾ। ਟੈਰੀਜ਼ਾ ਟੈਮ ਦਾ ਕਹਿਣਾ ਹੈ ਕਿ ਭਵਿਖ ਵਿੱਚ ਇਸ ਵਾਇਰਸ ਦੀ ਆਉਟਬ੍ਰੇਕ ਹੋ ਸਕਦੀ ਹੈ ਤੇ ਇਸ ਵਾਰ ਇਸ ਦਾ ਹਮਲਾ ਬੱਚਿਆਂ 'ਤੇ ਹੋ ਸਕਦਾ ਹੈ ਕਿਉਂਕਿ ਉਹੀ ਵੈਕਸਿਨੇਟ ਹੋਣ ਤੋਂ ਵਾਂਝੇ ਰਹਿ ਗਏ ਹਨ। ਉਹਨਾਂ ਦੱਸਿਆ ਕਿ ਦੇਸ਼ ਭਰ ਵਿੱਚੋਂ ਰਿਪੋਰਟਸ ਮਿਲਣ ਲੱਗੀਆਂ ਹਨ ਕਿ ਹੁਣ ਇਹ ਵਾਇਰਸ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਲੱਗਿਆ ਹੈ। ਉਹਨਾਂ ਬੱਚਿਆਂ ਦੇ ਇਕੱਠੇ ਹੋ ਕੇ ਖੇਡਣ ਕਾਰਨ ਪੈਦਾ ਹੋ ਸਕਣ ਵਾਲੇ ਖ਼ਤਰੇ ਵੱਲ ਧਿਆਨ ਖਿਚੁਦਿਆਂ ਕਿਹਾ ਕਿ ਸਿਹਤ ਮਾਹਿਰ ਹੁਣ ਇਸ ਵੱਲ ਨਜ਼ਰਾਂ ਗੱਡੀ ਬੈਠੇ ਹਨ। ਉਹਨਾਂ ਕਿ ਜੇ 12 ਸਾਲ ਤੋਂ ਉੱਪਰ ਉਮਰ ਦੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਟੀਕੇ ਲੱਗ ਜਾਂਦੇ ਹਨ ਤਾਂ ਸਥਿੱਤੀ ਬਚਾਈ ਜਾ ਸਕਦੀ ਹੈ।

## ਸਟੈਂਪੀਡ ਮੇਲੇ ਦਾ ਰੰਗ ਇਸ ਵਾਰ ਫਿੱਕਾ ਹੀ ਰਿਹਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦਾ ਪਾਰੰਪਰਿਕ ਅਤੇ ਦੁਨੀਆ ਸਭ ਤੋਂ ਵੱਡਾ ਆਊਟਡੋਰ ਮੇਲਾ 'ਸਟੈਂਪੀਡ' 9 ਜੁਲਾਈ ਤੋਂ ਲੈਕੇ 18 ਜੁਲਾਈ ਤੱਕ ਮਨਾਇਆ ਗਿਆ।। ਇਸ ਦੀ ਰਸਮੀ ਸ਼ੁਰੂਆਤ ਪੈਰੇਡ ਨਾਲ ਹੋਈ ਪਰ ਇਹ ਪੈਰੇਡ ਪਿਛਲੇ ਸਾਲਾਂ ਵਾਂਗ ਨਾ ਹੋ ਕੇ ਔਨਲਾਇਨ ਅਤੇ ਵਰਚੁਅਲ ਹੋਈ। ਕਈ ਇਵੈਂਟਸ ਵਿੱਚ ਵੀ ਤਬਦੀਲੀ ਕੀਤੀ ਗਈਆਂ। ਸਟੈਂਪੀਡ ਪਾਰਕ ਵਿੱਚ ਵਿਸ਼ੇਸ਼ ਤੌਰ 'ਤੇ ਬਣਾਏ ਗਏ ਰਸਤੇ ਉੱਪਰ ਘੋੜੇ ਅਤੇ ਬੈਂਡ ਬਾਜੇ ਵਾਲੇ ਚੱਲਦੇ ਗਏ ਤੇ ਕਿਸੇ ਦਰਸ਼ਕ ਨੂੰ ਇੱਥੇ ਪਹੁੰਚਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਪਾਰਕ ਦੇ ਆਮ ਲੋਕਾਂ ਲਈ ਖੋਲ੍ਹੇ ਜਾਣ ਤੋਂ ਪਹਿਲਾਂ ਹੀ ਪੈਰੇਡ ਸ਼ੁਰੂ ਹੋ ਕੇ ਖ਼ਤਮ ਹੋ ਗਈ। ਇਸ ਨੂੰ ਸਿਰਫ਼ ਔਨਲਾਇਨ ਹੀ ਵੇਖਿਆ ਜਾ ਸਕਿਆ। ਇਸ ਸਾਲ ਦੀ ਪੈਰੇਡ ਵਿੱਚ ਹੈਲਥ ਕੇਅਰ ਵਰਕਰਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ ਤਾਂ ਕਿ ਪੈਨਡੈਮਿਕ ਤੋਂ ਲੋਕਾਂ ਦੇ ਜੀਵਨ ਬਚਾਉਣ ਵਾਸਤੇ ਉਹਨਾਂ ਦੇ ਯੋਗਦਾਨ ਨੂੰ ਸਨਮਾਨਿਤ ਕੀਤਾ ਜਾ ਸਕੇ। ਇਸ ਸਾਲ 59 ਐਨਟਰੀਆਂ ਪੈਰੇਡ ਵਿੱਚ ਕੀਤੀਆਂ ਗਈਆਂ ਹਨ। ਮਿਉਜ਼ਿਕਲ ਇਵੈਂਟ ਵਾਸਤੇ ਨਿਰਧਾਰਿਤ ਨੈਸ਼ਵਿਲ ਨੌਰਥ ਟੈਂਟ ਵਿੱਚ ਸਿਰਫ਼ ਉਹਨਾਂ



ਵਿਅਕਤੀਆਂ ਨੂੰ ਹੀ ਜਾਣ ਦੀ ਆਗਿਆ ਸੀ ਜਿਹਨਾਂ ਕੋਲ ਦੋਵੇਂ ਵੈਕਸਿਨੇਸ਼ਨ ਹਾਸਲ ਕੀਤੇ ਹੋਣ ਦਾ ਸਬੂਤ ਸੀ। ਸਟੈਂਪੀਡ ਵਿੱਚ ਇਸ ਵਾਰ ਥਾਂ-ਥਾਂ ਸੈਨਿਟਾਇਜ਼ੇਸ਼ਨ ਵਾਸਤੇ ਸਟੇਸ਼ਨ ਬਣਾਏ ਗਏ ਸਨ ਤੇ ਵਲੰਟੀਅਰਾਂ ਅਤੇ ਸਿਹਤ ਕਰਮਚਾਰੀ ਵੀ ਚੱਪੇ ਚੱਪੇ 'ਤੇ ਨਿਗਾਹ ਰੱਖ ਰਹੇ ਸਨ। ਭਾਵੇਂ ਪਰੰਪਰਿਕ ਤੌਰ ਤੇ ਮੇਲਾ ਮਨਾਇਆ ਗਿਆ ਪਰ ਪਿਛਲੇ ਸਾਲਾਂ ਦੇ ਮੁਕਾਬਲੇ ਇਸਦਾ ਰੰਗ ਫਿੱਕਾ ਹੀ ਰਿਹਾ।

## ਹੁਣ ਸਿਗਾਰ ਦੇ ਸੂਟੇ ਲਾਉਣ ਲਈ ਲਾਉਂਜਿਜ਼ ਬਣਾਉਣ ਦੀ ਆਗਿਆ ਮਿਲ ਗਈ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਸੂਬੇ ਦੇ ਸਮੋਕਿੰਗ ਐਂਡ ਵੇਪਿੰਗ ਰੈਗੁਲੇਸ਼ਨਜ਼ ਵਿੱਚ ਤਬਦੀਲੀ ਕਰਦਿਆਂ ਸਿਗਾਰ ਲਾਉਂਜਿਜ਼ ਬਣਾਉਣ ਦੀ ਆਗਿਆ ਜਾਰੀ ਕਰ ਦਿੱਤੀ ਹੈ। ਨਵੇਂ ਨਿਯਮ ਅਨੁਸਾਰ ਸਿਗਾਰ ਲਾਉਂਜਿਜ਼ ਵਿੱਚ ਭੋਜਨ ਅਤੇ ਸ਼ਰਾਬ ਨਹੀਂ ਪਰੋਸੇ ਜਾ ਸਕਣਗੇ, ਲਾਉਂਜਿਸ ਦੀਆਂ ਕੰਧਾਂ ਛੱਤ ਤੱਕ ਹੋਣਗੀਆਂ, ਆਪਣੇ ਆਪ ਬੰਦ ਹੋ ਜਾਣ ਵਾਲੇ ਦਰਵਾਜ਼ੇ ਹੋਣਗੇ ਤੇ ਉਸ ਦਾ ਐਗਜ਼ੌਸਟ ਐਂਡ ਵੈਂਟਿਲੇਸ਼ਨ ਸਿਸਟਮ ਵੱਖਰਾ ਹੋਵੇਗਾ। ਇਸ ਸੰਬੰਧੀ ਬਿਲ ਸਾਲ 2020 ਵਿੱਚ ਪਾਸ ਹੋ ਗਿਆ ਸੀ ਪਰ ਇਸ ਨੂੰ 31 ਜੁਲਾਈ ਤੋਂ ਲਾਗੂ ਕੀਤਾ ਜਾ ਰਿਹਾ ਹੈ। 13 ਸਾਲ ਤੱਕ ਇਸ ਉੱਪਰ ਪਾਬੰਦੀ ਲੱਗੀ ਰਹੀ ਪਰ ਜੇਸਨ ਕੈਨੀ ਸਰਕਾਰ ਨੇ ਇਸ ਵਿੱਚ ਛੋਟ ਦੇ ਦਿੱਤੀ ਹੈ।

## ਗੋਲੀ ਲੱਗਣ ਕਾਰਣ 21 ਸਾਲਾ ਗੱਭਰੂ ਜਖ਼ਮੀ,ਹਮਲਾਵਰ ਫਰਾਰ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਕੌਕਰੇਨ ਵਿੱਚ ਬੀਤੇ ਸੋਮਵਾਰ ਨੂੰ ਗੋਲੀ ਚੱਲਣ ਦੀ ਖ਼ਬਰ ਹੈ ਤੇ 21 ਸਾਲਾ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ ਹੈ ਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਗਈ ਹੈ। ਸੋਮਵਾਰ ਸ਼ਾਮ 6 ਵਜੇ ਦੇ ਕਰੀਬ ਇਹ ਘਟਨਾ ਹੋਈ ਦੱਸੀ ਜਾਂਦੀ ਹੈ। ਵੁਡਲੈਂਡਜ਼ ਇਸਟੇਟ ਵਿੱਚ ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਇੱਕ ਵਿਅਕਤੀ ਦੇ ਸਰੀਰ ਦੇ ਹੇਠਲੇ ਹਿੱਸੇ ਵਿੱਚ ਗੋਲੀ ਲੱਗਣ ਕਾਰਣ ਜ਼ਖ਼ਮੀ ਪਿਆ ਸੀ। ਪੁਲਿਸ ਨੇ ਕੇ-ਨਾਇਨ ਯੂਨਿਟ ਦੀ ਸਹਾਇਤਾ ਨਾਲ ਇਲਾਕਾ ਸਾਫ਼ ਕਰਵਾਇਆ। ਹਮਲਾਵਰ ਫ਼ਰਾਰ ਹੈ ਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਹੋਰ ਵੇਰਵਿਆਂ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

## ਆਪਣੀ ਪੀੜਾ ਆਪੇ ਪੀ ਕੇ, ਲੋਕਾਂ ਮਰ-ਮਰ ਜੀ ਲੈਣਾ'

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਬੀਤੀ ਦਸ ਜੁਲਾਈ ਨੂੰ ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਜ਼ੂਮ ਮੀਟਿੰਗ ਮਹਾਨ ਫਿਲਮ ਅਦਾਕਾਰ, ਦਲੀਪ ਕੁਮਾਰ ਨੂੰ ਸਮਰਪਿਤ ਕੀਤੀ ਗਈ। ਹਰਮਿੰਦਰ ਕੌਰ ਚੁੱਘ ਨੇ ਇੱਕ ਗੀਤ ਤਰੱਨਮ ਵਿੱਚ ਪੇਸ਼ ਕੀਤਾ, ਕੁਛ ਚੋਣਵੇਂ ਸ਼ੇਅਰ ਫਰਮਾਏ। ਇੱਕ ਕਹਾਣੀ ਪਤੀ-ਪਤਨੀ ਦੇ ਤਿੜਕਦੇ ਰਿਸ਼ਤਿਆਂ ਨੂੰ ਕਾਮਯਾਬੀ ਨਾਲ ਸੰਭਾਲਣ ਅਤੇ ਟੁੱਟਣ ਤੋਂ ਬਚਾਉਣ ਦੇ ਵਿਸ਼ੇ ਤੇ ਪੜ੍ਹੀ, ਗੁਰਪਿੰਦਰ ਦਿਓਲ ਨੇ ਕੈਨੇਡਾ ਵਸਦੇ ਪੰਜਾਬੀਆਂ ਨੂੰ ਇੱਥੋਂ ਦੇ ਕਾਨੂੰਨ ਅਤੇ ਮਾਹੌਲ ਮੁਤਾਬਕ ਢਲਣ ਦਾ ਸੁਨੇਹਾ ਸੀ--ਪਾਣੀ, ਹਵਾ ਤੇ ਧਰਤੀ ਏਹ ਦੀ, ਜਾਨੋਂ ਪਿਆਰੀ ਰੱਖਾਂਗੇ। ਜਸਵੀਰ ਸਹੋਤਾ ਨੇ ਪੰਜਾਬ ਤੋਂ ਨਵੇਂ ਆਉਣ ਵਾਲੇ, ਖਾਸ ਕਰ ਕੇ ਵਿਦਿਆਰਥੀਆਂ ਨੂੰ ਦਰ ਪੇਸ਼ ਮੁਸ਼ਕਲਾਂ ਵੱਲ ਧਿਆਨ ਦਿਵਾਇਆ। ਉਸ ਨੇ ਆਪਣੀ ਕਵਿਤਾ- ਚੰਗੀਆਂ ਨੂੰਹਾਂ ਉੱਤੋਂ ਸੱਸਾਂ ਜਾਨਾਂ ਵਾਰਦੀਆਂ- ਸੁਣਾ ਕੇ ਵਧੀਆ ਮਨੋਰੰਜਨ ਦਾ ਰੰਗ ਛਿੜਕਿਆ। ਅਜਾਇਬ ਸਿੰਘ ਸੇਖੋਂ ਨੇ ਪਿਆਰ ਵਿਸ਼ੇ ਤੇ ਲੇਖ ਪੜ੍ਹਿਆ ਜਿਸ ਵਿੱਚ ਸੰਕੋਚਵੀਂ ਮੁਹਾਰਤ ਨਾਲ ਢੁਕਵੇਂ ਹਵਾਲੇ ਦੇ ਕੇ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਜੋਗਾ ਸਿੰਘ ਸਹੋਤਾ ਨੇ ਪੰਜਾਬੀ ਸਾਹਿਤ ਜਗਤ ਦੀ ਪ੍ਰਸਿੱਧ ਕਵਿੱਤਰੀ, ਸੁਰਿੰਦਰਗੀਤ ਦੀ ਮਕਬੂਲ ਗ਼ਜ਼ਲ -'ਆਪਣੀ ਪੀੜਾ ਆਪੇ ਪੀ ਕੇ, ਲੋਕਾਂ ਮਰ ਮਰ ਜੀ ਲੈਣਾ'- ਸਾਜ਼ ਸਮੇਤ ਗਾ ਕੇ ਸ਼ਬਦਾਂ ਤੇ ਸੁਰਾਂ ਦੀ ਛਹਿਬਰ ਲਾਈ। ਡਾ। ਮਨਮੋਹਨ ਬਾਠ ਨੇ ਹਮੇਸ਼ਾ ਦੀ ਤਰ੍ਹਾਂ ਮਿੱਠੀ ਆਵਾਜ਼ ਵਿੱਚ ਨਾਲ ਸਾਜ਼ ਵਜਾ ਕੇ ਕਮਾਲ ਦਾ ਗੀਤ ਪੇਸ਼ ਕੀਤਾ, ਜਿਸ ਨੂੰ ਸਭ ਨੇ ਮੰਤਰ ਮੁਗਧ ਹੋ ਕੇ ਸੁਣਿਆ। ਮਲਕੀਤ ਸਿੰਘ ਸਿੱਧੂ ਨੇ ਕੈਨੇਡਾ ਦਿਵਸ ਨੂੰ ਸਮਰਪਿਤ ਗੀਤ ਪੇਸ਼ ਕੀਤਾ- ਕਨੇਡਾ ਮੈਨੂੰ ਜਾਪਦਾ ਪੰਜਾਬ ਹੈ। ਕੈਨੇਡਾ ਅਤੇ ਪੰਜਾਬ ਦੇ ਸੁਹੱਪਣ ਦਾ ਕਲਾਤਮਿਕ ਸੁਮੇਲ ਸੀ। ਜਗਦੇਵ ਸਿੱਧੂ ਨੇ ਜਜ਼ਬਾਤੀ ਰੰਗ ਦੀ ਰੋਮਾਂਚਿਕ ਕਵਿਤਾ- ਹਾਬੂ- ਆਪਣੇ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਨ ਉਪ੍ਰੰਤ ਹੋਈਆਂ ਪੇਸ਼ਕਾਰੀਆਂ ਉੱਪਰ ਹੌਸਲਾ ਅਫ਼ਜ਼ਾਈ ਵਾਲੀ ਸੰਕੋਚਵੀਂ ਚਰਚਾ ਕੀਤੀ। ਤਕਨੀਕੀ ਮੁਸ਼ਕਲ ਸਮੇਂ ਜਸਵੀਰ ਸਹੋਤਾ ਨੇ ਸ਼ਲਾਘਾਮਈ ਤਰੀਕੇ ਨਾਲ ਸੰਚਾਲਨ ਕਰ ਕੇ ਵਧੀਆ ਮੌਕਾ ਸੰਭਾਲਿਆ। ਸਤਨਾਮ ਢਾਹ ਨੇ ਪੇਸ਼ ਰਚਨਾਵਾਂ ਦੇ ਪੱਧਰ ਦੀ ਤਾਰੀਫ਼ ਕਰਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ।

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: • Airline Tickets • Tour Packages • Cruises • Travel Insurance • Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ • ਏਅਰਲਾਈਨਜ਼ ਟਿਕਟ • ਟੂਰ ਪੈਕੇਜ਼ • ਕਰੂਜਜ • ਟਰੈਵਲ ਇੰਸ਼ੋਰੈਂਸ • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets: Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca


CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca


Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ!


# ਆਓ ਜਾਣੀਏ , ਲੈਟਰੀਨ ਕਿਵੇਂ ਬੈਠਣਾ ਐ



ਸੁਖਵਿੰਦਰ ਬਰਾੜ
587 830 2930




ਪੈਰਾਂ ਭਾਰ ਲੈਟਰੀਨ ਜਾਣ ਦੇ ਫਾਇਦੇ ਤੇ ਇੰਗਲਿਸ਼ ਸੀਟ ਤੇ ਬੈਠਣ ਦੇ ਨੁਕਸਾਨ ਬਾਰੇ ਜਾਣਕਾਰੀ ਕੁੱਝ ਇਸ ਤਰਾਂ ਹੈ।1978 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜਿਮੀ ਕਾਰਟਰ (James Earl Carter) ਨੂੰ ਬਵਾਸੀਰ ਦੀ ਬੀਮਾਰੀ() ਹੋ ਗਈ ਜਦੋਂ ਉਹਨਾਂ ਦੇ ਡਾਕਟਰ ਨੂੰ ਪੁੱਛਿਆ ਗਿਆ ਕਿ ਇਹ ਬੀਮਾਰੀ ਕਿਉਂ ਹੋਈ ਹੈ ਤਾਂ ਉਹਨਾਂ ਦਾਜਵਾਬ ਇੰਜ ਸੀ। are not meant to sit on toilets; we are meant to squat in the fields. " ਕਾਰਟਰ ਨੇ ਉਦੋਂ ਤੋਂ ਹੀ ਗੱਲ ਲੜ ਬੰਨ੍ਹ ਲਈ ਤੇ 96 ਸਾਲ ਦੀ ਉਮਰ ਭੋਗੀ ਬਗੈਰ ਕਿਸੇ ਵੀ ਪੇਟ ਦੀ ਬੀਮਾਰੀ ਦੇ।ਫਲਸ਼ () ਟਾਇਲਟ 1591 ਵਿੱਚ ਈਜਾਦ ਹੋਏ।1960-70 ਵਿੱਚ ਇੰਗਲਿਸ਼ ਟਾਇਲਟ ਬੈਠਣ ਵਾਲੇ ਵੀ ਪ੍ਰਚਲਤ ਹੋਗਏ। ਤਦ ਤੋਂ ਹੀ ਪੇਟ ਦੀਆਂ ਬੀਮਾਰੀਆਂ ਦਾ ਜਾਣੀ ਹੜ ਆ ਗਿਆ ।ਪੈਰਾਂ ਭਾਰ ਬੈਠ ਕੇ ਲੈਟਰੀਨ ਜਾਣਾ ਇਕ ਕੁਦਰਤੀ ਤਰੀਕਾ ਹੈ ਤੇ ਸਦੀਆਂ ਤੋਂ ਹੀ ਲੋਕ ਖੇਤਾਂ ਵਿੱਚ ਜਾਂਦੇ ਰਹੇ ਹਨ ਤੇ ਪੇਟ ਦੀਕੋਈ ਵੀ ਬੀਮਾਰੀ ਨਹੀਂ ਸੀ ਲਗਦੀ ਅਜ ਵੀ 40% ਜਪਾਨੀ ( ਜਾਗਰੂਕਤਾ ਕਾਰਨ) ਤੇ ਏਸ਼ੀਆਈ, ਅਫਰੀਕੀ ਲੋਕ ਪੈਰਾਂ ਭਾਰਹੀ ਪੇਟ ਖਾਲੀ ਕਰਦੇ ਹਨ ।ਪੈਰਾਂ ਭਾਰ () ਨਾਲ ਸਟੂਲ ਦਾ ਨਿਕਾਸ ਸਾਫ, ਸਿੱਧਾ ਤੇ ਸੰਪੂਰਨ ਹੁੰਦਾ ਹੈ ।ਪਹਿਲਾਂ ਰੈਕਟਮ() ਸੁੰਗੜਦਾਹੈ ਜਦੋਂ ਇਹ ਸਟੂਲ ਨਾਲ ਭਰ ਜਾਂਦਾ ਹੈ । ਦੇ ਸਮੂਦ ਮਸਲ ਰੀਲੈਕਸ ਕਰਦਾ ਹੈ ਤੇ ਰੈਕਟਮ ਨੂੰ ਅਗੇ ਵਲ ਖਿੱਚਦਾ ਹੈ ਤੇ ਸਟੂਲ ਦੀ ਕਲੀਰੈਂਸ ਬਹੁਤ ਵਧੀਆ ਹੁੰਦੀ ਹੈ ।: ਪੈਰਾਂ ਭਾਰ ਬੈਠਣ ਨਾਲ ਔਸਤਨ ਸਟੂਲ ਪਾਸ ਟਾਈਮ 51 ਸੈਕਿੰਡ ਸੀ ਤੇ 14×; ਟਾਇਲਟ ਉਚਾਈ ਨਾਲ ਵਧ ਕੇ 130ਸੈਕਿੰਡ ਹੋ ਗਿਆ । ਇਥੇ ਇਹ ਵੀ ਦੱਸਣਾ ਜਰੂਰੀ ਹੈ ਕਿ 14×;ਜਾਂ 16×; ਉਚਾਈ ਵਾਲਾ ਟਾਇਲਟ ਜਿਆਦਾ ਨੁਕਸਾਨਦੇਹ ਹੈ 12×;ਉਚਾਈ ਵਾਲੇ ਤੋ ।ਸਕੇਟਿੰਗ ਫੁੱਟ ਸਟੂਲ ਮਿਲਦਾ ਹੈ ਤੇ ਤੁਸੀਂ ਇੰਗਲਿਸ਼ ਸੀਟ ਨੂੰ ਹੀ ਪੈਰਾਂ ਥੱਲੇ ਰਖ ਕੇ ਪੈਰਾਂ ਭਾਰ ਲੈਟਰੀਨ ਹੀ ਬਣਾ ਸੱਕਦੇ ਹੋ ।ਬੈਠ ਕੇ ਲੈਟਰੀਨ ਕਰਨ ਨਾਲ 90ਡਿਗਰੀ ਕੋਣ ਬਣਦਾ ਹੈ ਜਿਹੜਾ ਕਿ ਬਹੁਤ ਹਾਨੀਕਾਰਕ ਹੈ ।ਤੇ ਪੈਰਾਂ ਭਾਰ ਨਾਲ 35ਡਿਗਰੀ ਜਿਹੜਾ ਨਿਕਾਸ ਅੰਗਾਂ ਨੂੰ ਸਿੱਧਾ ਕਰਕੇ ਧਰਤੀ ਦੀ ਗੁਰੂਤਾ ਦੀ ਸਹਾਇਤਾ ਨਾਲ ਫੁੱਲ, ਆਸਾਨ ਤੇ ਜੋਰ ਰਹਿਤਆਪਣਾ ਕੰਮ ਮੁਕੰਮਲ ਕਰਦੀ ਹੈ ।ਦੂਸਰੇ ਪਾਸੇ ਬੈਠ ਕੇ ਲੈਟਰੀਨ ਕਰਨ ਨਾਲ ਪੇਟ ਦਾ ਸਾਹ ਰੋਕ ਕੇ ਡਾਇਆਫਰਾਮ ਰਾਹੀਂ ਬਹੁਤ ਜੋਰ ਲਗਦਾ ਹੈ ਤੇ analfissures, hemorrhoids, hernia, appendicitis ਵਰਗੇ ਰੋਗ ਲਗਦੇ ਹਨ। ਇਸ ਤਰ੍ਹਾਂ ਕਰਨ ਨਾਲ ਮਲਮੂਤਰ ਕਮਜੋਰ ਕਰਕੇ ਛੋਟੀਆਂ ਆਂਦਰਾਂ ਤੇ ਵਿੱਚ ਦਾਖਲ ਹੋ ਕੇ ਕਰਦਾ ਹੈ ਤੇ ਇਸਦੇ ਉਲਟ ਪੈਰਾਂ ਭਾਰ ਬੈਠਣ ਨਾਲ ਸੱਜਾ ਪਟ ਰੈਕਟਮ ਨੂੰ ਇਸ ਤਰ੍ਹਾਂ ਸਕੀਜ ਕਰਦਾ ਹੈ ਕਿ ਰੈਕਟਮ ਦੀ ਸੀਕਮ ਸਟੂਲ ਨੂੰਉਪਰ ਵਿੱਚ ਧਕ ਦਿੰਦਾ ਹੈ ਤੇ ਰਾਹੀਂ ਸਾਰਾ ਸਟੂਲ ਬਾਹਰ ਨਿਕਲ ਜਾਂਦਾਹੈ ਤੇ ਬੈਕਅਪ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।ਫਾਇਦੇ ਪੈਰਾਂ ਭਾਰ ਬੈਠਣ ਦੇ :

1. ਸਟੂਲ ਦਾ ਨਿਕਾਸ ਤੇਜ, ਆਸਾਨ ਤੇ ਜਿਆਦਾ ਕੰਪਲੀਟ, ਮਲਮੂਤਰ ਜੰਮਣ ਤੋ ਬਚਾਅ ।2. ਪਰਾਸਟੇਟ, ਬਲੈਡਰ, ਯੂਟਰਿਸ ਨੂੰ ਕੰਟਰੋਲ ਕਰਨ ਵਾਲੀਆਂ ਨਰਵਜ, ਨਾੜੀਆਂ ਨੂੰ ਜਿਆਦਾ ਸਟਰੈਚ ਤੇ ਖਰਾਬ ਹੋਣ ਤੋਂ ਬਚਾਉਣਾ ।3. ( ਕੋਲਨ ਤੇ ਛੋਟੀ ਆਂਦਰ ਵਿਚਕਾਰ) ਨੂੰ ਮੁਕੰਮਲ ਸੀਲ ਕਰਦਾ ਹੈ ।4.ਪੱਟਾਂ ਨੂੰ ਵਰਤ ਕੇ ਕੋਲਨ ਦੀ ਮੱਦਦ ਕਰਦਾ ਹੈ ਤੇ ਸਟਰੇਨਿੰਗ ( ਤਿੰਘਣਾ, ਜੋਰ ਲਾਉਣਾ) ਤੋ ਬਚਾਉਂਦਾ ਹੈ ।5. ਬਵਾਸੀਰ ਲਈ ਬਹੁਤ ਹੀ ਅਸਰਦਾਰ ਹੈ ।

6 . ਗਰਭਵਤੀ ਔਰਤਾਂ ਲਈ ਯੂਟਰਿਸ ਵਿੱਚ ਪਰੈਸ਼ਰ ਘਟਾਉਂਦੀ ਹੈ ਤੇ ਕੁਦਰਤੀ ਡਿਲਵਰੀ ਲਈ ਤਿਆਰ ਕਰਦੀ ਹੈ ।7. ਕਬਜ, ਬਵਾਸੀਰ,, polyps, ulcerative colitis, crohn's disease, inflammatory bowel disease,irritable bowel syndrome, diverticulitis, colon cance ਵਰਗੀਆਂ ਭਿਆਨਕ ਬੀਮਾਰੀਆਂ ਤੋਂ ਛੁਟਕਾਰਾ ।8. ਤੇ ਲੈਟਰੀਨ ਇਨਕੰਟੀਨੈਂਸ ਛੇ ਹਫਤੇ ਵਿੱਚ ਠੀਕ ਹੋ ਜਾਂਦਾ ਹੈ ।ਦੋਸਤੋ ਨਾ ਹਿੰਗ ਲਗੀ ਨਾ ਫਟਕੜੀ,ਰੰਗ ਵੀ ਚੋਖਾ ।ਚਲੋ ਅਜ ਤੋਂ ਹੀ ਸ਼ੁਰੂ ਕਰਦੇ ਹਾਂ ।ਚੁੱਕ ਲਿਆਓ ਫੁੱਟ ਸਟੂਲ ।

# ਗਾਇਕੀ ਦੇ ਅੰਬਰ ’ਤੇ ਬੱਦਲੀ ਬਣ ਵਰਸ ਰਿਹਾ:ਸਤਵਿੰਦਰ ਬੁੱਗਾ



ਕਾਲਾ ਸਿੰਘ ਸੈਣੀ,
ਮੋਬਾ:98767-20402

ਗਾਇਕ ਸਤਵਿੰਦਰ ਬੁੱਗਾ ਸੱਭਿਆਚਾਰਕ ਤੇ ਮਿਆਰੀ ਗਾਇਕੀ ਨਾਲ ਆਪਣਾ ਵੱਖਰਾ ਮੁਕਾਮ ਹਾਸਿਲ ਕੀਤਾ ਹੈ। ਸਤਵਿੰਦਰ ਬੁੱਗਾ ਨੂੰ ਆਪਣੀ ਜਨਮ ਭੋਇੰ ਨਾਲ ਅੰਤਾ ਦਾ ਮੋਹ ਹੈ। ਸਤਵਿੰਦਰ ਬੁੱਗਾ ਆਪਣੇ ਪਰਿਵਾਰ ਨਾਲ ਪਿੰਡ ਮੁਕਾਰੋਪੁਰ ਵਿਖੇ ਰਹਿਕੇ ਆਪਣੇ ਗੀਤਾਂ ਨਾਲ ਪੰਜਾਬੀ ਸੱਭਿਆਚਾਰ ਦੀ ਸੇਵਾ ਕਰ ਰਿਹਾ ਹੈ। ਬਚਪਨ ਤੋਂ ਹੀ ਸੰਗੀਤ ਨਾਲ ਮੋਹ ਪੈ ਜਾਣ ਕਰਕੇ ਉਸ ਨੇ ਗਾਇਕੀ ਦੇ ਖੇਤਰ ’ਚ ਕਦਮ ਰੱਖਿਆ। ਸਭ ਤੋਂ ਪਹਿਲਾ ਗਾਇਕ ਸਤਵਿੰਦਰ ਬੁੱਗਾ ਨੇ ਕੈਸੇਟ ‘ਲਾਈਆਂ ਯਾਰਾਂ ਨੇ ਮਹਿਫ਼ਲਾਂ’ ਨਾਲ ਗਾਇਕੀ ਦੇ ਖੇਤਰ ‘ਚ ਕਦਮ ਰੱਖਿਆ। ਫਿਰ ‘ਉਡੀਕਾਂ ਤੇਰੀਆਂ’,‘ਤਵੀਤਾਂ ਵਾਲਾ ਜੱਟ ਮੋਹ ਲਿਆ’,‘ਵਿਆਹ ਤੋਂ ਪਹਿਲਾ’,ਕੈਸੇਟਾਂ ਸਰੋਤਿਆਂ ਨੂੰ ਦਿੱਤੀਆਂ। ਉਸ ਦਾ ਕਹਿਣਾ ਹੈ ਕਿ ਇਹ ਉਸ ਦਾ ਕਹਿਣਾ ਹੈ ਕਿ ਇਹ ਕੈਸੇਟਾਂ ਉਸ ਦਾ ਮੁਕਾਮ ਤਾਂ ਨਹੀਂ ਬਣਾ ਸਕਿਆ,ਪਰ ਉਸ ਨੂੰ ਸੰਗੀਤਕ ਹਲਕਿਆਂ ’ਚ ਜਾਣ ਕਰਕੇ ਸੰਗੀਤ ਦੇ ਖੇਤਰ ’ਚ ਉਸ ਦੀ ਪਛਾਣ ਜਰੂਰ ਬਣਾ ਦਿੱਤੀ।

ਸਤਵਿੰਦਰ ਬੁੱਗਾ ਦੀ ਸੰਗੀਤ ਸਮਰਾਟ ਜਨਾਬ ਚਰਨਜੀਤ ਅਹੂਜਾ ਨਾਲ ਹੋਈ ਮੁਲਾਕਾਤ ਅਜਿਹੀ ਜਾਨਦਾਰ ਪਛਾਣ ਦਾ ਸਬੱਬ ਬਣੀ ਕਿ ਗਾਇਕ ਸਤਵਿੰਦਰ ਬੁੱਗਾ ਨੂੰ ਸੰਗੀਤ ਦੇ ਖੇਤਰ ’ਚ ਸ਼ਾਨਦਾਰ ਪੇਸ਼ਕਸ਼ ਨਾਲ ਪੇਸ਼ ਕੀਤਾ। ਗੁਰੂ ਅਤੇ ਚੇਲੇ ਦੀ ਪ੍ਰੰਪਰਾ ਨੂੰ ਬਰਕਰਾਰ ਰੱਖਦੇ ਹੋਏ ਅਹੂਜਾ ਸਾਬ ਨੇ




ਗਾਇਕ ਸਤਵਿੰਦਰ ਬੁੱਗਾ।

ਸਤਵਿੰਦਰ ਬੁੱਗਾ ਨੂੰ ਚਾਰ ਸਾਲ ਗੀਤ,ਸੰਗੀਤ ਦੀਆਂ ਬਰੀਕਿਆਂ ਦੀ ਸਿਖਲਾਈ ਦਿੱਤੀ। ਫਿਰ ਐਲਬਮ ‘ ਤੇਰਾ ਨੱਚਣਾ ਬੜਾ ਕਮਾਲ ’, ਨਾਲ ਗੀਤ,ਸੰਗੀਤ ਦੇ ਖੇਤਰ ’ਚ ਐਂਟਰੀ ਮਾਰੀ ਤਾਂ ਐਲਬਮ ਦੀ ਸਫਲਤਾ ਨੇ ਬੁੱਗਾ ਨੂੰ ਸਟਾਰ ਬਣਾ ਦਿੱਤਾ। ਫਿਰ ਐਲਬਮ ‘ ਹਾਏ ਸੋਹਣੀਏ ’, ‘ ਕੁੜੀ ਪੰਜਾਬਣ ਲੱਗਦੀ ਏ ’, ‘ ਯਾਰ ਨਾ ਵਿੱਛੜੇ ’,‘ ਬੇਦਰਦੇ ਨੀਂ ’,‘ ਏਨੇਂ ਖੱਤ ਲਿਖਦੀ ਨਾ ’ ਆਦਿ ਦਰਜ਼ਨ ਦੇ ਕਰੀਬ ਐਲਬਮਾਂ ਜਿਨ੍ਹਾਂ ਵਿਚ ਗੀਤ ਵਿੱਛੜਣ-ਵਿੱਛੜਣ ਕਰਦੀ ਏ ਜਦੋਂ ਵਿੱਛੜੇਗੀ,ਯਾਰ ਨਾ ਵਿੱਛੜੇ,ਸੱਜਣ ਨਾ ਵਿੱਛੜੇ,ਰੱਬ ਦੇ ਸਮਾਨ ਸਾਨੂੰ ਕਹਿਣ ਵਾਲੀਏ,ਬੇਦਰਦੇ ਨੀ, ਇਸ਼ਕ-ਇਸ਼ਕ,ਛੱਲੇ ਨਾਲ ਜੂਗਨੀ ਅਟੈਚ ਹੋ ਗਈ, ਤੂਤਾਂ ਵਾਲੀ ਠੰਡੀ ਛਾਂ ਦੋਸਤੋ,ਜਿੰਨੇ ਦੁੱਖ ਸਾਨੂੰ ਤੂੰ ਦਿੱਤੇ ਨੀ ਕੋਈ ਹੋਰ ਹੁੰਦਾ ਤਾਂ ਮਰ ਜਾਂਦਾ,ਕੁੜੀ ਪੰਜਾਬਣ ਲੱਗਦੀ ਏ..’,ਆਦਿ ਸੰਗੀਤ ਜਗਤ ਦੀ ਝੋਲੀ ਪਾਏ ਅਨੇਕਾਂ ਗੀਤ,ਐਲਬਮਾਂ ਨੇ ਉਸ ਦੀ ਸੋਹਰਤ ’ਚ ਵਾਧਾ ਕੀਤਾ ਹੈ। ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਸਤਵਿੰਦਰ ਬੁੱਗਾ ਦੇ ਗੀਤਾਂ ਵਿੱਚਲੀ ਬਾ-ਕਮਾਲ ਸ਼ਾਇਰੀ ਵੀ ਦਿਲਾਂ ਦੀ ਗੱਲ ਕਰਦੀ ਪ੍ਰਤੀਤ ਹੁੰਦੀ ਹੈ। ਉਸ ਨੇ ਪੰਜਾਬੀ ਗੀਤਾਂ ਦੇ ਨਾਲ-ਨਾਲ ਧਾਰਮਿਕ ਐਲਬਮਾਂ ਵਿੱਚਲੀਆਂ ਮਾਤਾ ਦੀਆਂ ਭੇਟਾਂ ਅਤੇ ਧਾਰਮਿਕ ਗੀਤਾਂ ਦੀਆਂ ਐਲਬਮਾਂ “ਜੈਕਾਰਾਂ ਕਿਉਂ ਨੀ ਬੋਲਦਾ’,‘ਕੇਸਰੀ ਝੰਡੇ ਝੁੱਲਣਗੇ ਆਦਿ ਵਿੱਚਲੇ ਗੀਤ ‘ਸ਼ਿਫਤ ਕਰੀ ਨਾ ਜਾਵੇ ਮੇਰੀ ਦਾਤੀ ਦੇ ਦਰਬਾਰ ਦੀ ’, ਆਦਿ ਅਤੇ ਧਾਰਮਿਕ ਗੀਤ ‘ਰੱਬਾ ਮੈਨੂੰ ਨੇਕਿਆਂ ਕਮਾਉਣ ਜੋਗਾ ਕਰਦੇਂ’, ਆਦਿ ਵੀ ਸਰਧਾ ਨਾਲ ਰਿਕਾਰਡ ਕਰਵਾਏ ਹਨ। ਸਤਵਿੰਦਰ ਬੁੱਗਾ ਨੇ ਪਿੱਠਵਰਤੀ ਗਾਇਕ ਸੁਨਹਿਰੀ ਪਰਦੇ ’ਤੇ ਵੀ ਆਪਣੀ ਆਵਾਜ਼ ਨਾਲ ਪੰਜਾਬੀ ਫਿਲਮਾਂ ‘ਵਿਦਰੋਹ’, ਅਤੇ ‘ਦੇਹ ਸ਼ਿਵਾ ਮਰ ਮੋਹਿ ਹੈ’, ਲਈ ਗਾਇਆ ਹੈ। ਗਾਇਕ ਸਤਵਿੰਦਰ ਬੁੱਗਾ ਜਲਦੀ ਹੀ ਸ਼ਿੰਗਲ ਟਰੈਕ ਨਾਲ ਸਰੋਤਿਆਂ ਦੇ ਸਨਮੁੱਖ ਹੋਵੇਗਾ। ਪ੍ਰਮਾਤਮਾ ਕਰੇ,ਉਹ ਹਮੇਸ਼ਾਂ ਹੀ ਬੁਲੰਦੀਆਂ ਨੂੰ ਛੂੰਹਦਾ ਰਹੇ ਤੇ ਲੋਕੀਂ ਉਸ ਨੂੰ ਹੱਥੀ ਛਾਵਾਂ ਕਰਦੇ ਰਹਿਣ।



ਸੰਗੀਤ ਸਮਰਾਟ ਜਨਾਬ ਚਰਨਜੀਤ ਅਹੂਜਾ ਆਪਣੇ ਉਸਤਾਦ ਜੀ ਨਾਲ ਗਾਇਕ ਸਤਵਿੰਦਰ ਬੁੱਗਾ।

# ਪੈਂਤੀਨਾਮਾ ਐੜੇ ਦੀਆਂ ਕਿਆ ਬਾਤਾਂ ਨੇ ...!



ਬੁੱਧ ਸਿੰਘ ਨੀਲੋਂ
9464370823

ਅੱਜ ਕੱਲ ਹਲਾਤ ਇਹ ਬਣ ਗਏ ਹਨ, ਕਹਿਣ ਨੂੰ ਜੋ ਮਰਜ਼ੀ ਕਹੀ ਜਾਈਏ। ਅਸੀਂ ਸੱਚ ਨਹੀ ਗੱਪ ਸੁਣਨ ਦੇ ਆਦੀ ਹੋ ਗਏ ਹਨ...ਆਦਿ ਸੱਚ ਜੁਗਾਦਿ ਸੱਚ ਭੁੱਲ ਗਏ ਹਾਂ । ਅਖੇ ‘ਅਹਿਰਨ ਕੱਛੇ ਮਾਰਨੀ, ਸੂਈ ਦਾ ਕਰਨਾ ਦਾਨ, ਇਹ ਹਾਲਤ ਅੱਜ ਮੋਦੀ ਦੀ ਬਣ ਗਈ ਹੈ। ਅਕਲਾਂ ਬਾਝੋਂ ਖੂਹਖਾਲੀ ਹੋਣ ਤਾਂ ਅੱਖ ਲੱਗੀ ਤੇ ਮਾਲ ਬੇਗਾਨਾ ਹੁੰਦਾ ਹੈ, ਪਰ ਜਿਨਾਂ ਦਾ ਅੱਗਾ ਹਨੇਰ ਦਾ ਹੋਵੇ ਤਾਂ ਪਿੱਛਾ ਗਿੱਦੜ ਦਾ ਹੁੰਦਾ। ਜਦੋਂ ਉਹ ਰਾਜ ਕਰਨ ਲੱਗ ਲੱਗ ਜਾਣ ਤਾਂ ‘ਅੰਨੇ ਕੁੱਤੇ ਹਿਰਨਾਂ ਦੇ ਸ਼ਿਕਾਰੀ’ ਬਣ ਕੇ ਦੋਵੇਂ ਹੱਥੀ ਲੁੱਟ ਮਚਾਉਂਦੇ ਐ। ਜਦੋਂ ਕੋਈ ‘ਅਸਮਾਨ ਨੂੰ ਟਾਕੀ ਲਾਉਂਦਾ’ ਹੈ ਤਾਂ ਉਸ ਦੀ ਅਕਲ ਅਕਾਲ ਚਲਾਣਾ ਕਰ ਜਾਂਦੀ ਹੈ। ਫੇਰ ਉਹ ਅੱਖਾਂਚੁਰਾਉਣ ਲੱਗਦਾ ਹੈ, ਹੁਣ ਇਹੋ ਹੀ ਹਾਲਤ ਪੰਜਾਬ ’ਚ ਕਾਂਗਰਸ ਦੀ ਬਣੀ ਹੋਈ ਹੈ, ਹੁਣ ਕਾਂਗਰਸੀ ਕਿਸੇ ਨਾਲ ਅੱਖਾਂਨਹੀਂ ਮਿਲਾਉਂਦੇ, ਜਿਹੜੇ ਵੋਟਰਾਂ ਨੇ ਉਨਾਂ ਨੂੰ ਅੱਖਾਂ ’ਤੇ ਬਿਠਾਇਆ ਸੀ, ਹੁਣ ਉਹ ਉਨਾਂ ਨੂੰ ਅੱਖਾਂ ਦਿਖਾਉਣ ਲੱਗ ਪਏ ਹਨ. ਕਾਂਗਰਸੀ ਵੀ ਹੁਣ ਅਕਾਲੀਆਂ ਦੇ ਵਾਂਗ ਲੋਕਾਂ ਦੀਆਂ ਅਗਲੀਆਂ ਪਿਛਲੀਆਂ ਨਹੀਂ ਫਰੋਲਦੇ ਸਗੋਂ ਹੁਣ ਉਹ ਵੀ ਆਪਣਾਅੱਗਾ ਸਵਾਰਨ ਲਈ ਅੱਖਾਂ ਵਿੱਚ ਘੱਟਾ ਪਾਉਣ ਲੱਗ ਪਏ ਹਨ। ਲੋਕ ਬੇਵਸ ਹੋਏ, ਹੱਥ ਮੱਲਦੇ ਉਨਾਂ ’ਤੇ ਕਚੀਚੀਆਂ ਵੱਟਦੇਹਨ, ਪਰ ਆਪ ਇਹ ਘਿਉਂ ਖਿਚੜੀ ਹੋ ਗਏ ਹਨ। ਲੋਕਾਂ ਦੇ ਮਸਲਿਆਂ ਨੂੰ ਜਦੋਂ ਕੋਈ ਅੱਖੋਂ ਉਹਲੇ ਕਰਦਾ ਹੈ ਤਾਂ ਲੋਕਾਂ ਦੀਆਂ ਅੱਖਾਂ ਵਿੱਚ ਰੋਹ ਜਾਗਦਾ ਹੈ. ਇਸ ਜਾਗਦੇਰੋਹ ਵਿੱਚ ਕਈਆਂ ਦੀ ਨੀਂਦ ਖਰਾਬ ਹੋ ਜਾਂਦੀ। ਜਿਨਾਂ ਨੂੰ ਅੱਖਾਂ ਨਾਲ ਗੱਲ ਕਰਨੀ ਤੇ ਸਮਝਣੀ ਆ ਜਾਵੇ, ਉਹ ਫਿਰ ਹਰਕਿਸੇ ਦੇ ਹੱਥਾਂ ਤੇ ਸਰੋਂ ਜਮਾਉਣ ਲੱਗ ਪੈਂਦੇ ਹਨ. ‘ਅੱਖਾਂ ’ਚੋਂ ਪੜਨਾ’ ਹਰਿਕ ਕਿਸੇ ਦੇ ਵਸਦਾ ਰੋਗ ਨਹੀਂ ਪਰ ਜਿਹੜੇ ਅੱਖਾਂਦੇ ਵੈਦ ਨੇ, ਉਹ ਤਾਂ ਅੱਖਾਂ ਵਿੱਚੋਂ ਸੁਰਮਾ ਕੱਢ ਲੈ ਜਾਂਦੇ ਹਨ। ਫੇਰ ਦੂਜਿਆਂ ਦੀਆਂ ਅੱਖਾਂ ਅੱਡੀਆਂ ਹੀ ਰਹਿ ਜਾਂਦੀਆਂ ਹਨ। ਇਹ ਪੰਜਾਬ ਦੀ ਹੋਣੀ ਹੈ ਕਿ ਇਹ ਹਮੇਸ਼ਾ ਅੰਨੇ ਖੂਹ ਵਿੱਚ ਡਿੱਗਦਾ ਹੈ, ਪਰ ਇਸ ਨੂੰ ਖੂਹ ਵਿੱਚੋਂ ਕੱਢਣ ਵਾਲਾ ਕਦੇਂ ਗੋਰਖ ਨਾਥ’ ਨਹੀਂ ਬਹੁੜਿਆ ਭਾਵੇਂ ਇਸ ਦੀਆਂ ਬਹੁੜੀਆਂ ਪੈਂਦੀਆਂ ਨੂੰ ਹੁਣ ਕੋਈ ਨਹੀਂ ਸੁਣ ਰਿਹਾ ਹੈ ਹਰ ਕੋਈ ਅੱਖਾਂਨੀਵੀਆਂ ਕਰਕੇ ਕੋਲ ਦੀ ਲੰਘ ਰਿਹਾ ਹੈ। ਲੋਕਾਂ ਵਿੱਚ ਮਾਇਆ ਕੱਠੀ ਕਰਨ ਦੀ ਲੱਗੀ ‘ਅੰਨੀ ਦੌੜ’ ਨੇ ਉਨਾਂ ਦੀ ਜ਼ਿੰਦਗੀ ਦਾਆਨੰਦ ਖੋਹ ਲਿਆ ਹੈ। ਉਹ ਅਰਸ਼ ਤੋਂ ਫਰਸ਼ ਤੋਂ ਡਿੱਗ ਕੇ ਫਿਰ ਅੱਕ ਫਲਾਹੀ ਹੱਥ ਮਾਰਦੇ ਹਨ। ਪਰ ਉਨਾਂ ਦੇ ਪੱਲੇ ਖੱਜਲਖੁਆਰੀਆਂ ਤੋਂ ਬਿਨਾਂ ਕੱਖ ਵੀ ਨਹੀਂ ਪੈਂਦਾ । ਬਹੁਗਿਣਤੀ ਲੋਕ ਤਾਂ ਪੁੜਾਂ ਹੇਠ ਆ ਕੇ ਆਟਾ ਹੋ ਰਹੇ ਹਨ, ਪਰ ਉਹ ਜ਼ਿੰਦਗੀ ਦੇ ਅਰਥ ਭੁੱਲ ਕੇ ਨਰਕ ਦੀ ਜੂਨ ਭੋਗਣਦੇ ਆਦੀ ਹੋ ਰਹੇ ਹਨ. ਇਸੇ ਕਰਕੇ ਹਰ ਪੰਜ ਸਾਲ ਬਾਅਦ ਉਨਾਂ ਨੂੰ ਕੋਈ ਨਾ ਕੋਈ ਪਾਰਟੀ ‘ਅਟੇਰ’ ਹੀ ਲੈਂਦੀ ਹੈ। ਜਦੋਂ ਅੱਖਾਂ




ਵਿੱਚ ਤੱਕਲੇ ਚੁਬਦੇ ਹਨ, ਫਿਰ ਅੰਦਰੋਂ ਅੰਦਰੀ ਇਹ ਵਿਸ਼ ਘੋਲਦੇ ਹਨ। ਲੋਕਾਂ ਦੀ ਅੰਬ ਵੱਢ ਕੇ ਅੱਕਾਂ ਦੀਵਾੜ ਕਰਨ ਦੀ ਆਦਤ ਬਦਲਣੀ ਅਸਮਾਨੋਂ ਤਾਰੇ ਤੋੜ ਲਿਆਉਣ ਵਰਗੀ ਗੱਲ ਬਣ ਗਈ ਹੈ। ਜਦੋਂ ਲੋਕਾਂ ਨੂੰ ਹਰ ਵਾਰੀ ‘ਅੱਕ ਚੱਬਣਾ’ ਪੈਂਦਾ ਹੈ ਤਾਂ ਫਿਰ ਉਹ ‘ਆਪਣਾ ਆਪ ਵੇਚਣ’ ਲੱਗੇ ਇੱਕ ਪਲ ਨਹੀਂ ਲਾਉਂਦੇ ਕਈਆਂ ਨੂੰ ਅੱਗ ਲਾਉਣ ਤੇ ਬੁਝਾਉਣ ਦੀ ਆਦਤ ਹੁੰਦੀ ਹੈ, ਇਸੇ ਕਰਕੇ ਉਹ ‘ਅੱਗ ਲਾ ਕੇ ਡੱਬੂ ਕੰਧ ਤੇ’ ਕਰਕੇ ਨੌ ਦੋਗਿਆਰਾਂ ਹੋ ਜਾਂਦੇ ਹਨ। ਅੜਬ ਸੁਭਾਅ ਦੇ ਲੋਕਾਂ ਲਈ ਸਦਾ ਹੀ ਮੌਸਮ ਖਰਾਬ ਰਹਿੰਦਾ ਹੈ। ਉਨਾਂ ਵੱਲੋਂ ਹੱਥਾਂ ਨਾਲ ਦਿੱਤੀਆਂ ਗੱਠਾਂ ਨੂੰ ਕਈ ਵਾਰ‘ਮੂੰਹ ਨਾਲ ‘ਖੋਲ੍ਹਣਾ’ ਪੈਂਦਾ ਹੈ। ਬਹੁਗਿਣਤੀ ਲੋਕ ਵਾੜ ’ਚ ਬੋਲੀਏ ਫਸਾਉਣ ਦੇ ਆਦੀ ਹੁੰਦੇ ਹਨ, ਉਨਾਂ ਦੀ ਇਹ ਆਦਤ ਕਈ ਵਾਰ ਪੁੱਠੀ ਵੀ ਪੈਂਦੀ ਹੈ। ਪਿੰਡਾਂ ਵਿੱਚ ਅਕਸਰ ਹੀ ਹਰ ਗੱਲ ਵਿੱਚ ਅੜਿੱਕਾ ਅੜਾਉਣ ਵਾਲੇ ਤੇ ਟੁੱਚਰਾਂ ਕਰਨ ਵਾਲਿਆਂ ਦੀ ਭੀੜ ਦੇ ਕਾਰਨ ਕਈਵਾਰ ਸਾਂਝੇ ਕੰਮ ਵੀ ਪਿੱਛੇ ਪੈ ਜਾਂਦੇ ਹਨ। ਐੜਾ ਆਪ ਤਾਂ ਕਦੇ ਅੜਵਾਈਆਂ ਕਰਦਾ ਨਹੀਂ, ਇਹ ਊੜੇ ਦਾ ਸਾਥੀ ਹੈ ਪਰ ਊੜੇ ਦੀ ਆੜੇ ਦੇ ਨਾਲ ਨੀ ਬਣੀ, ਇਸੇਕਰਕੇ ਆੜਾ ਹਰ ਵਾਰ ਅੱਗੇ ਲੱਗ ਕੇ ਹੀ ਖੁਸ਼ ਰਹਿੰਦਾ ਹੈ। ਉਰਦੂ ਦੇ ਚਾਰ ਅੱਖਰ ਨੇ ਜਿਹੜੇ ਆਪਣੀ ਸ਼ਕਲ ਨਹੀਂਬਦਲਦੇ। ਉਹ ਹਮੇਸ਼ਾਂ ‘ਕੱਲੇ’ ਰਹਿੰਦੇ ਹਨ।

ਐੜਾ ਵੀ ਜਦੋਂ ਅੜਬਪੁਣੇ ਵਿੱਚ ਆਉਂਦਾ ਹੈ ਤਾਂ ਕਈਆਂ ਦੀਆਂ ਛਾਲਾਂ ਚਕਾਦੇਂਦਾ ਹੈ। ਇਸੇ ਕਰਕੇ ਜਿਹੜੇ ਹੁਣ ਅੱਖਾਂ ’ਚ ਪਾਏ ਰੜਕਦੇ ਨਹੀਂ, ਉਨਾਂ ਲਈ ਹੁਣ ਲੋਕ ਹੱਥਾਂ ਉੱਤੇ ਥੁੱਕੀ ਫਿਰਦੇ ਹਨ, ਪਰ ਉਨਾਂਦਾ ਇਹ ਗੁੱਸਾ ਹਮੇਸ਼ਾਂ ਢਿੱਡ ਵਿੱਚ ਰਹਿ ਜਾਂਦਾ ਇਸੇ ਕਰਕੇ ਕਹਿੰਦੇ ਭਾਈ ਐੜੇ ਦਾ ਸਦਾ ਹੀ ਸਤਿਕਾਰ ਕਰੋ. ਊੜੇ ਐੜੇ ਨੂੰਪਿਆਰ ਕਰੋ. ਬੰਦਿਆਂ ਦਾ ਸਤਿਕਾਰ ਕਰੋ.

# ਅਫਗਾਨਿਸਤਾਨ ਵਿੱਚੋਂ ਅਮਰੀਕੀ ਫੌਜਾਂ 20 ਸਾਲਾਂ ਵਾਅਦ ਵਾਪਿਸ ਖਾਲੀ ਹੱਥ ਮੁੜੀਆਂ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ)ਅਮੈਰਿਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਉਹਨਾਂ ਦੇ ਦੇਸ਼ ਦੇ ਫੌਜੀ 31 ਅਗਸਤ ਤੱਕ ਹਰ ਹਾਲਤ ਵਿੱਚ ਅਫਗਾਨਿਸਤਾਨ ਵਿੱਚੋਂ ਵਾਪਸ ਪਰਤ ਆਉਣਗੇ ਤੇ 20 ਸਾਲ ਲੰਬੀ ਚੱਲੀ ਲੜਾਈ ਦਾ ਖਾਤਮਾ ਹੋਵੇਗਾ। ਉਹਨਾਂ ਕਿਹਾ ਕਿ ਅਮੈਰਿਕਨ ਫੌਜੀ ਉਥੇ ਨਵਾਂ ਦੇਸ਼ ਬਣਾਉਣ ਲਈ ਨਹੀਂ ਗਏ ਸਨ ਤੇ ਲੜਾਈ ਖ਼ਤਮ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਹੁਣ ਅਫ਼ਗਾਨ ਸਰਕਾਰ ਅਗਲਾ ਰਸਤਾ ਤੈਅ ਕਰੇਗੀ।

# ਇਟਲੀ ਨੇ ਇੰਗਲੈਂਡ ਨੂੰ 3-2 ਦੇ ਫ਼ਰਕ ਨਾਲ ਹਰਾਉਂਦਿਆਂ ਦੂਜੀ ਵਾਰ ਚੈਂਪੀਅਨਸ਼ਿਪ ਜਿੱਤੀ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸ਼ੂਟ-ਆਉਟ ਟਾਇਮ ਵਿੱਚ ਇੰਗਲੈਂਡ ਦੇ ਸੁਫ਼ਨੇ ਨੂੰ ਚੂਰ-ਚੂਰ ਕਰਦਿਆਂ ਇਟਲੀ ਨੇ ਯੂਰੋ-2020 ਫਾਇਨਲ ਜਿੱਤ ਲਿਆ ਹੈ ਤੇ ਲੰਡਨ ਦੇ ਵੈਂਬਲੀ ਹੋਲ ਸਟੇਡੀਅਮ ਵਿੱਚ 60 ਹਜ਼ਾਰ ਦਰਸ਼ਕਾਂ ਦੀ ਮੌਜੂਦਗੀ ਵਿੱਚ ਖੇਡੇ ਗਏ ਇਸ ਮੈਚ ਵਿੱਚ ਇਟਲੀ ਨੇ ਇੰਗਲੈਂਡ ਨੂੰ 3-2 ਦੇ ਫ਼ਰਕ ਨਾਲ ਹਰਾਉਂਦਿਆਂ ਦੂਜੀ ਵਾਰ ਇਸ ਚੈਂਪੀਅਨਸ਼ਿਪ ਜਿੱਤ ਲਈ ਹੈ। ਦੁਨੀਆਂ ਭਰ ਵਿੱਚ ਕਰੋੜਾਂ ਲੋਕ ਇਸ ਮੈਚ ਨੂੰ ਦੇਖ ਰਹੇ ਸਨ। ਇੰਗਲੈਂਡ ਦੇ ਲਿਊਕ ਸ਼ੌਅ ਨੇ ਗੇਮ ਦੇ ਪਹਿਲੇ 2ਮਿੰਟਾਂ ਵਿੱਚ ਹੀ ਪਹਿਲਾ ਗੋਲ ਕਰਕੇ ਇਟਲੀ ਨੂੰ ਦੱਬੇ ਹੇਠ ਲੈ ਆਂਦਾ ਸੀ ਪਰ ਲਿ-ਨਾਰਡੋ ਬੋਨੂਚੀ ਨੇ 67ਵੇਂ ਮਿੰਟ ਵਿੱਚ ਇਸ ਗੋਲ ਨੂੰ ਬਰਬਾਰ ਕਰ ਦਿੱਤਾ ਤੇ ਮੈਚ ਇਸੇ ਅੰਕੜੇ ‘ਤੇ ਫਸਿਆ ਰਿਹਾ। ਐਕਸਟ੍ਰਾ ਟਾਇਮ ਵੀ ਮਿਲਿਆ ਪਰ ਅੰਕੜਾ ਨਹੀਂ ਹਿੱਲਿਆ। ਫਿਰ ਵਾਰੀ ਆਈ ਪੈਨਲਟੀਜ਼ ਦੀ। ਸ਼ੂਟ-ਆਊਟ ਵਿੱਚ ਇਟਲੀ ਦੇ ਡੋਮੈਨਿਕੋ ਬੇਰਾਰਡੀ, ਲਿ-ਨਾਰਡੋ ਬੋਨੂਚੀ ਅਤੇ ਫ੍ਰੈਡਰਿਕ ਬਰਨਾਰਡੇਸ਼ੀ ਨੇ ਇੱਕ-ਇੱਕ ਪੈਨਲਟੀ ਲਗਾਈ ਜਦੋਂ ਕਿ ਗੋਲ-ਕੀਪਰ ਜਾਇਨ-ਲਿਉਗੀ ਡੋਨੈਰੰਮਾ ਨੇ ਸ਼ੂਟ-ਆਉਟ ਵਿੱਚ ਦੋ ਗੋਲ ਰੋਕ ਲਏ। ਇੰਗਲੈਂਡ ਦੇ 3 ਖਿਡਾਰੀਆਂ ਦੀਆਂ ਲਗਾਈਆਂ ਪੈਨਲਟੀਜ਼ ਮਿਸ ਹੋ ਗਈਆਂ ਤੇ ਉਹਨਾਂ ਖਿਲਾਫ਼ ਰੱਜ ਕੇ ਭੜਾਸ ਕੱਢੀ ਜਾ ਰਹੀ ਹੈ ਜਿਸ ਦਾ ਨੋਟਿਸ ਵੀ ਲਿਆ ਜਾ ਰਿਹਾ ਹੈ। ਇੰਗਲੈਂਡ ਵਿੱਚ ਇਸ ਹੋਏ ਮੈਚ ਮਗਰੋਂ ਉਸ ਦੇ ਸਮਰਥਕਾਂ ਵਿੱਚ ਭਾਰੀ ਨਿਰਾਸ਼ਾ ਦੇਖੀ ਗਈ ਤੇ ਇੰਗਲੈਂਡ ਦਾ ਸੁਫ਼ਨਾ ਚੂਰ ਚੂਰ ਹੋ ਗਿਆ। ਇਸ ਮਗਰੋਂ ਇੰਗਲੈਂਡ ਦੀਆਂ ਸੜਕਾਂ ‘ਤੇ ਨਿਰਾਸ਼ ਸਮਰਥਕਾਂ ਨੇ ਭਾਰੀ ਖ਼ਰੂਦ ਮਚਾਇਆ ਦੱਸਿਆ ਜਾਂਦਾ ਹੈ। 40 ਵਿਅਕਤੀਆਂ ਨੂੰ ਗ਼ਿਰਫ਼ਤਾਰ ਕੀਤਾ ਗਿਆ ਹੈ।






# ਆਯੋਜਿਤ ਵਿਆਹਾਂ ਵਿੱਚ ਮੁੰਡੇ ਕੁੜੀ ਦੀ ਦੇਖ ਦਿਖਾਈ ਤਾਂ ਹੁਣ ਪੁਰਾਣੀ ਗੱਲ ਹੋ ਗਈ ਐ

ਅੱਜਕੱਲ੍ਹ ਤਾਂ ਸਰਦੇ ਪੁਜਦੇ ਸ਼ਹਿਰੀ 'ਪ੍ਰੀਵਾਰਾਂ ਵਿੱਚ ਪਰ੍ਹੀ ਵੈਡਿੰਗ' ਵੀਡੀਓ ਤੇ ਫੋਟੋ ਸੈਸ਼ਨ ਦਾ ਕੰਸੈਪਟ ਵੀ ਘੁੱਸਪੈਠ ਕਰ ਚੁੱਕਿਆ ਹੈ ਪਰ ਉਸ ਵੇਲੇ ਜਦੋਂ ਮੁੰਡੇ ਕੁੜੀ ਦੀ ਦਿਖਾਈ ਹੁੰਦੀ ਸੀ ਤਾਂ ਆਪਸ ਵਿੱਚ ਗੱਲ ਕਰਨ ਦਾ ਹੀਆਂ ਕਿਸੇ ਕੋਲ ਨਹੀ ਹੁੰਦਾ ਸੀ ਇਕ ਦੂਜੇ ਦੇ ਚੇਹਰੇ ਵੱਲ ਚੋਰ ਝਾਤ ਜਿਹੀ ਪਾਕੇ ਅੱਖਾਂ ਜ਼ਮੀਨ ਵੱਲ ਤੱਕਣ ਲੱਗ ਪੈਂਦੀਆਂ ਐਦੂੰ ਵੱਧ ਕੁੱਝ ਨਹੀਂ ਸੀ ਇਸੇ ਕਿਸਮ ਦਾ ਇਕ ਜੋੜਾ ਆਪਣੇ ਵਿਆਹ ਤੋਂ ਕਾਫੀ ਵਰ੍ਹੇ ਬਾਅਦ ਆਪਣੀ ਵਿਆਹ ਦੀ ਵਰ੍ਹੇਗੰਢ ਵਾਲੇ ਦਿਨ ਉਸ ਪਹਿਲੀ ਮਿਲਣੀ ਨੂੰ ਚੇਤੇ ਕਰਦੇ ਹਨ ਮੇਰੇ ਪਰਮ ਮਿੱਤਰ ਗੀਤਕਾਰ ਬਲਬੀਰ ਲਹਿਰਾ ਦੀ ਕਲਮ ਨੇ ਇਸ ਦ੍ਰਿਸ਼ ਦੀ ਤਸਵੀਰ ਇੰਝ ਖਿੱਚੀ ਐ

---

**ਪਤਨੀ**- ਮੈਨੂੰ ਬਹੁਤੀ ਲੱਗੀ ਸੰਗ ਜਹੀ
ਵੇ ਜਦ ਤੂੰ ਵੇਖਣ ਆਇਆ ਸੀ
**ਪਤੀ**- ਤੁਸੀਂ ਘੁੱਗੀਆਂ ਵਾਲੀ ਚਾਦਰ
ਉੱਤੇ ਆਦਰ ਨਾਲ ਬਹਾਇਆ ਸੀ
**ਪਤਨੀ**- ਦਿਲ ਧੜਕੇ ਬੁੱਲ ਤਾਂ ਕੰਬਣ ਵੇ
ਖੌਰੇ ਕੀ ਭਾਣਾਂ ਵਰਤੂਗਾ ।
ਇਹ ਬੜਾ ਸਕੀਮੀਂ ਮੁੰਡਾ ਲਗਦਾ
ਖੌਰੇ ਕੀ ਕੀ ਪਰਖੂਗਾ
**ਪਤੀ**- ਕੁੜੀ ਸੁਨੱਖੀ ਹੋਵੇ,
ਆਪਾਂ ਇਕ ਸ਼ਰਤ ਇਹ ਰੱਖੀ ਸੀ।
**ਪਤਨੀ**- ਪਰੀਆਂ ਵਰਗੀਆਂ ਭੈਣਾਂ ਵੇ
ਮੈਂ ਸੱਭ ਤੋਂ ਵੱਧ ਸੁਨੱਖੀ ਸੀ।
**ਪਤੀ**- ਬਾਕੀ ਸਭ ਕੁੱਝ ਠੀਕ ਠਾਕ,
ਸੁਭਾਅ ਦਾ ਪਤਾ ਲੱਗੂ ਮਿਲ ਵਰਤੀ ਤੇ
ਮੈਂ ਸੋਚਿਆ ਚੰਨ ਆਕਾਸ਼ੋਂ




ਉੱਤਰ ਆਇਆ ਧਰਤੀ ਤੇ।
**ਪਤਨੀ**- ਤੁਸੀਂ ਆ ਕੇ ਜਦੋਂ ਪਧਾਰੇ ਸੀ ,
ਪੀਤੀ ਸੀ ਆਪਾਂ ਚਾਹ ਮਾਹੀਆ ।
ਅਗੋਂ ਕੀ ਗਿਟ-ਮਿਟ ਹੋਈ ਸੀ ,
ਤੂੰ ਅਗਲੀ ਗੱਲ ਸੁਣਾ ਮਾਹੀਆ ।

**ਪਤੀ**- ਬੇਬੇ ਜੀ ਬੋਲੇ ਕਾਕਾ ਜੀ ,
ਕੀ ਲੜਕੀ ਆਈ ਪਸੰਦ ਤੇਰੇ ?
ਮੈਂ ਸੋਚੀਂ ਜਾਵਾਂ ਕੁਦਰਤ ਨੇਂ
ਆਹ ਕਿਵੇਂ ਬਣਾਏ ਅੰਗ ਤੇਰੇ
**ਪਤਨੀ**- ਇੰਦਰਪੁਰੀ ਵਿੱਚ ਆ ਕੇ ਵੇ
ਜੇ ਨਾਂਹ ਕਰ ਗਿਆ ਤਾਂ ਤਰਸੂਗਾ
ਬੜਾ ਨਘੋਚੀ ਮੁੰਡਾ ਲੱਗਦਾ
ਖੌਰੇ ਕੀ ਕੀ ਪਰਖੂਗਾ
**ਪਤੀ**- ਜਦੋਂ ਮੈਂ ਹਾਂ ਜੀ ਕੀਤੀ ਸੀ
ਮੇਰੇ ਮੂੰਹ ਵਿੱਚ ਲੱਡੂ ਪਾਇਆ ਸੀ।
ਦੱਸ ਗਾਹਾਂ ਕੀ ਗੱਲ ਹੋਈ,
ਮੈ ਓਥੋਂ ਤੁਰ ਆਇਆ ਸੀ ?
**ਪਤਨੀ**- ਦੇਖ ਕੇ ਮੁੰਡਾ ਮਾਂ ਕਹਿੰਦੀ,
ਮੇਰੀ ਤਾਂ ਲਹਿ ਗੀ ਭੁੱਖ ਕੁੜੇ,
ਕੱਲ੍ਹ ਨੂੰ ਯਾਦ ਕਰਾਈਂ
ਮੈਂ ਬਾਬੇ ਦੀ ਦੇਣੀ ਸੁੱਖ ਕੁੜੇ।
**ਪਤੀ**- ਦਿਲ ਕਰਦਾ ਗੱਲਾਂ ਪਿਆਰ ਦੀਆਂ
ਮੈਂ ਲਿੱਖ ਦੇਵਾਂ ਇਕ ਪਰਚੀ ਤੇ।
ਮੈਂ ਸੋਚਿਆ ਚੰਨ ਆਕਾਸ਼ੋਂ
ਉੱਤਰ ਆਇਆ ਧਰਤੀ ਤੇ ।
**ਪਤਨੀ**- ਉਸ ਦਿਨ ਪਿਛੋਂ ਸੱਚ ਕਹਾਂ,
ਮੈਂ ਹੀਰ ਤੇ ਤੂੰ ਮੇਰਾ ਰਾਂਝਾ ਸੀ।
ਬਿਰਤੀ ਲਾ ਕੇ ਬਹਿੰਦੀ ਸਾਂ
ਤੂੰ ਸੁਪਨੇ ਵਿੱਚ ਮਿਲ ਜਾਂਦਾ ਸੀ ।
**ਪਤੀ**- ਮੈਂ ਸੁਪਨੇ ਦੀ ਬਾਤ ਸੁਣਾਵਾਂ,
ਤੂੰ ਹੁੰਗਾਰਾ ਭਰਦੀ ਸੈਂ,
ਮਨਮਰਜ਼ੀ ਕਰਨਾਂ ਚਾਹੁੰਦਾ ਸੀ,
ਤੂੰ ਨਾਂਹ ਨੁਕਰ ਜਹੀ ਕਰਦੀ ਸੈਂ ।
**ਪਤਨੀ**- ਕਾਹਲੀ ਨਾਂ ਕਰ
ਸਹਿਜੇ ਸਹਿਜੇ
ਮੂੰਹ ਤੋਂ ਪੱਲਾ ਸਰਕੂਗਾ,
ਬੜਾ ਨਘੋਚੀ ਮੁੰਡਾ ਲੱਗਦਾ
ਖੌਰੇ ਕੀ ਕੀ ਪਰਖੂਗਾ


## ਇਕ ਮੁਟਿਆਰ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਆਪਣੇ ਹਾਣੀ ਨੂੰ ਆਪਣੀ ਸਚਾਈ ਇਉਂ ਬਿਆਨ ਕਰਦੀ ਹੈ

ਪੁੱਛਦਾ ਸੀ !
ਤੈਥੋਂ ਓਹਲਾ ਨਹੀਂ ਵੇ ਰੱਖਣਾ
ਕਿੱਥੇ ਮੇਰੇ ਪੇਕੇ, ਤੈਨੂੰ ਪਿੰਡ ਦੱਸਣਾ
ਗੱਡੀ ਦੀ ਵੇ ਲਾਈਨ ਦੇ ਕਿਨਾਰੇ ਝਾੜੀਆਂ
ਜਿੱਥੇ ਸੱਚੇ ਰੱਬ ਨੂੰ ਮੈਂ ਵਾਜਾਂ ਮਾਰੀਆਂ
ਰੱਬ ਝੱਟ ਬਹੁੜਿਆ, ਲੱਗੀ ਨਾ ਬਿੰਦ ਵੇ
ਕਿੱਡਾ ਸੋਹਣਾ ਮੇਰੇ ਪੇਕਿਆਂ ਦਾ ਪਿੰਡ ਵੇ
ਜੰਮਦੀ ਨੂੰ ਮਾਂ ਮੇਰੀ ਏਥੇ ਛੱਡ ਗੀ
ਏਥੋਂ ਜਾਂਦੇ ਰਾਹੀ ਨੂੰ ਵੇ ਮੈਂ ਲੱਭਗੀ
ਦੇਖ ਦੇਖ ਮੈਨੂੰ ਬੜਾ ਕੱਠ ਹੋ ਗਿਆ
ਹੋ ਗੀ ਮੈਂ ਯਤੀਮ, ਨਾਲੇ ਪਿੰਡ ਖੋ ਗਿਆ
ਪੱਲੇ ਮੇਰੇ ਰਹਿਗੇ ਝਾੜੀਆਂ ਤੇ ਰਿੰਡ ਵੇ
**ਕਿੱਡਾ ਸੋਹਣਾ ਮੇਰੇ ਪੇਕਿਆਂ ਦਾ ਪਿੰਡ ਵੇ**
ਇੱਥੋਂ ਇਹਨਾਂ ਮਾਪਿਆਂ ਨੇ ਲੈ ਲਈ ਗੋਦ ਵੇ
ਕੀਤਾ ਮੇਰੇ ਲੇਖਾਂ, ਮੇਰੇ ਨਾ(ਲ) ਚੋਜ ਵੇ
ਹੌਲੀ ਹੌਲੀ ਪਤਾ ਲੱਗਿਆ ਕਹਾਣੀ ਦਾ
ਕੋਈ ਨਹੀਂ ਵੇ ਸਕਾ ਮੇਰਾ ਮਰ ਜਾਣੀਂ ਦਾ
ਤੈਨੂੰ ਇਹ ਕਹਾਣੀ ਮੇਰੀ ਲੱਗੀ ਕਿੰਝ ਵੇ
**ਕਿੱਡਾ ਸੋਹਣਾਂ ਮੇਰੇ ਪੇਕਿਆਂ ਦਾ ਪਿੰਡ ਵੇ**
ਨਾ ਵੇ ਲੋਕੋ, ਏਦਾਂ ਨਾਂ ਕਿਸੇ ਨਾਲ ਕਰਿਓ
ਰੱਬ ਸੱਚਾ ਦੇਖਦਾ ਏ ਉਹਤੋਂ ਡਰਿਓ
ਮੈਂ ਵੀ ਕੋਈ ਸੁਪਨਾ ਸਜਾਉਣਾ ਚਾਹੁਣੀਂ ਆਂ
ਰੀਝਾਂ ਦੇ ਵੇ ਆਲ੍ਹਣਾ ਬਣਾਉਣਾ ਚਾਹੁਣੀ ਆਂ
ਇਹ ਨਾ ਕਿਤੇ **'ਲਹਿਰਿਆ'** ਵੇ ਜਾਵੇ ਖਿੰਡ ਵੇ
**ਕਿੱਡਾ ਸੋਹਣਾ ਮੇਰੇ ਪੇਕਿਆਂ ਦਾ ਪਿੰਡ ਵੇ**




# ਖੁਸ਼ਨਸੀਬੀ ਦੋਸਤੋ ਵਿਰਲੇ ਘਰਾਂ 'ਚ ਹੈ ਬੰਦਾ ਕਮਾਲ ਉਹੀ ਜੋ ਖੁਸ਼ ਹਰ ਤਰ੍ਹਾਂ 'ਚ ਹੈ

(ਸ਼ਾਮ ਸਿੰਘ)



ਆਪਾਂ ਸਾਰੇ ਹਰ ਹੀਲੇ ਖ਼ੁਸ਼ੀ ਦੀ ਤਲਾਸ਼ ਵਿੱਚ ਭਟਕਦੇ ਰਹੇ ਹਾਂ। ਮਨੋਵਿਗਿਆਨੀਆਂ ਅਨੁਸਾਰ ਜੋ ਚੜ੍ਹਦੀ ਕਲਾ ਵਿੱਚ ਰਹੇ ਤੇ ਹਾਂ-ਪੱਖੀ ਸੋਚ ਰਖਦਾਹੋਵੇ, ਮੁਸੀਬਤ ਵੇਲੇ ਇਹੀ ਸੋਚੇ ਕਿ ਵੱਧ ਤੋਂ ਵੱਧ ਹੋ ਕੀ ਜਾਊ, ਇਹ ਸਭ ਖ਼ੁਸ਼ੀ, ਅਨੰਦ ਜਾਂ ਸਕੂਨ ਦਾ ਰਾਜ਼ ਕਿਹਾ ਜਾ ਸਕਦਾ ਹੈ। ਵੱਖ ਵੱਖ ਲੋਕਾਂਲਈ ਖ਼ੁਸ਼ੀ ਦੇ ਬਹਾਨੇ ਭਾਲਣ ਦੇ ਵੱਖ ਵੱਖ ਤਰੀਕੇ ਹਨ। ਕਈ ਲੋਕ ਵੱਡੇ ਘਰ, ਮਹਿੰਗੀਆਂ ਕਾਰਾਂਜਾਂ ਹੋਰ ਚੀਜ਼ਾਂ ਨੂੰ ਕਬਜ਼ੇ ਹੇਠ ਕਰ ਕੇ, ਬੈਂਕ ਭਰ ਕੇਜਾਂ ਗਹਿਣੇ, ਕਪੜੇ, ਵਸਤਾਂ ਵਗੈਰਾ ਨੂੰ ਜੱਫਾ ਮਾਰ ਕੇ ਹੀ ਖ਼ੁਸ਼ ਹੁੰਦੇ ਹਨ। ਥੋੜੀ ਦੇਰ ਪਿੱਛੋਂ ਹੀ ਇਹ ਖ਼ੁਸ਼ੀ ਖੁਰ ਜਾਂਦੀ ਹੈ। ਕਈ ਨਸ਼ਾ ਕਰ ਕੇ ਆਪਣੀਸੁਰਤ ਮਾਰਦੇ ਹੀ ਖੀਵੇ ਹੋ ਜਾਂਦੇ ਹਨ। ਕਈ ਵੱਡੇ ਰੁਤਬੇ, ਕੁਰਸੀਆਂ ਜਾਂ ਸ਼ੋਹਰਤ ਨਾਲ ਤਸੱਲੀ ਕਰ ਲੈਂਦੇ ਹਨ।ਉਹ ਇਹ ਭੁੱਲ ਜਾਂਦੇ ਹਨ ਕਿ ਇਹਸਭ ਛਿਣ-ਭੰਗਰੀਆਂ ਖ਼ੁਸ਼ੀਆਂ ਹਨ। ਧਨ ਨੇ ਮਨੁੱਖ ਨੂੰ ਉਲਾਰ, ਖ਼ੁਦਗਰਜ਼ ਅਤੇ ਹੰਕਾਰੀ ਬਣਾ ਧਰਿਆ ਹੈ।ਸੋ ਖ਼ੁਸ਼ੀਆਂ ਲਈ ਸਾਮਾਨ ਇਕੱਠਾ ਕਰਦੇਅਸੀਂ ਜਿਉਣਾ ਹੀ ਭੁੱਲ ਜਾਂਦੇ ਹਾਂ।ਖ਼ੁਸ਼ੀ ਖਰੀਦੀ ਨਹੀਂ ਜਾ ਸਕਦੀ। ਸਾਡੇ ਦੁਆਲੇ ਕਿਲਕਾਰੀਆਂ ਮਾਰਦੀ ਜਵਾਨੀ ਵੱਧ ਅਸੰਤੁਸ਼ਟ ਨਜ਼ਰ ਆਉਂਦੀ ਹੈਜਿੱਥੇ ਵਿਤ ਅਤੇ ਸੁਪਨੇ ਡਾਹ ਨਹੀਂ ਦੇ ਰਹੇ। ਇਉਂ ਹੀਮਨੋਰੰਜਨ, ਨਾਚ ਮੇਲੇ ਸਭ ਥੋੜ੍ਹ-ਚਿਰੀਆਂ ਖ਼ੁਸ਼ੀਆਂ ਹਨ। ਭਾਰਤੀ ਸੋਚ ਧਰਮਿਕ ਸ਼ਰਨ ਵਿੱਚਸੁਖ ਤਲਾਸ਼ਦੀ ਹੋਰ ਕਈ ਪਾਸਿਆਂ ਤੋਂ ਊਣੀ ਰਹਿ ਕੇ ਝੂਰਦੀ ਹੋਵੇਗੀ। ਦੋਸਤਾਂ-ਮਿੱਤਰਾਂ ਜਾਂ ਸਾਕ-ਸਕੀਰੀ ਦੇ ਝੁਰਮਟ ਵਿੱਚ ਮਨ ਦਾ ਅਕੇਵਾਂ ਵੀ ਕੁੱਝਚਿਰ ਲਈ ਹੀ ਦੂਰ ਹੁੰਦਾ ਹੈ। ਬਿਪਤਾ ਪਈ ਤੇ ਸੰਗ-ਸਖਾ ਸਭ ਤਜ ਗਏ ਦੇਖ ਕੇ ਮਨ ਨੂੰ ਠੇਸ ਲਗਦੀ ਹੈ। ਕਿਹਾ ਜਾਂਦਾ ਹੈ ਸਭ ਤੋਂ ਘੱਟ ਖ਼ੁਸ਼ ਅਸੀਂਤੀਹ ਤੋਂ ਪੰਜਾਹ ਸਾਲ ਦੀ ਉਮਰ ਤਕ ਹੁੰਦੇ ਹਾਂ, ਜਦ ਕਬੀਲਦਾਰੀ ਸਿਰ ਤਕ ਆ ਜਾਂਦੀ ਹੈ ਅਸੀਂ ਆਖਦੇ ਹਾਂ--ਕਾਸ਼ਨੀ ਦੁਪੱਟੇ ਵਿੱਚ ਤਿੰਨ ਧਾਰੀਆਂ, ਪਹਿਨਣ ਨੀ ਦਿੰਦੀਆਂ ਕਬੀਲਦਾਰੀਆਂ।ਸਾਡੇ ਸਭ ਤੋਂ ਤਸੱਲੀ ਭਰੇ ਪਲ ਉਹ ਸਨ ਜਿਸ ਕਾਰਜ ਪਿੱਛੇ ਕੋਈ ਲਾਭ ਨਹੀਂ ਸੀ। ਦੁਖ ਸੁਖ ਦੇ ਪਲ ਜੇ ਯਾਦ ਕਰੀਏ ਤਾਂ ਰੁੱਖ ਹੇਠ ਵਿਛੀ ਚਿਤਕਬਰੀਛਾਂ ਵਾਂਗ ਹੀ ਜ਼ਿੰਦਗੀ ਵਿੱਚ ਜਾਲ ਜਿਹਾ ਬੁਣ ਧਰਦੇ ਨੇ। ਅਨੰਦ ਦੇ ਪਲਾਂ ਦੀਆਂ ਸੰਦਲੀ ਯਾਦਾਂ ਉਹ ਹਨ ਜਦ ਪਿਆਰ ਹੋ ਜਾਣ ਦੇ ਪਹਿਲੇ ਦਿਨਸਨ, ਹਸਦਿਆਂ ਲੋਟ-ਪੋਟ ਹੋ ਜਾਣ ਵਾਲੀ ਮਾਸੂਮੀਅਤ ਸੀ, ਰੇਡੀਓ ਤੇ ਵਜਦੇ ਮਨ-ਪਸੰਦ ਗਾਣੇ ਨਾਲ ਆਪਮੁਹਾਰੇ ਝੂਮਦਿਆਂ, ਟੀਨ ਦੀ ਛੱਤ ਤੇਵਰ੍ਹਦੇ ਮੀਂਹ ਦੀਆਂ ਕਣੀਆਂ ਦਾ ਸੰਗੀਤ ਸੁਣਦਿਆਂ, ਚੜ੍ਹਦੇ ਡੁਬਦੇ ਸੂਰਜ ਦਾ ਅਸਮਾਨ ਤੇ ਫੈਲਦਾ ਸੰਧੂਰੀ ਰੰਗ ਮਾਨਣਾ, ਹਰਿਮੰਦਰ ਸਾਹਿਬ ਦੀਪਰਿਕਰਮਾ ਕਰਦਿਆਂ ਪਵਿੱਤਰ ਸਰੋਵਰ ਦੀ ਹਿੱਕ ਤੇ ਛੱਲਾਂ ਨਾਲ ਲਿਖੀ ਇਬਾਰਤ ਕਿਆਸਣਾ, ਦੂਰ ਤਕ ਵਿਛੀ ਕਿਸੇ ਲਹਿਲਹਾਉਂਦੀ ਫਸਲ ਦਾ ਭਵਿੱਖ ਸੋਚਣਾ, ਉਸ ਫਸਲ ਦੇ ਲਹਿਰਿਆਂ ਬੂਝਿਆਂ ਨੂੰ ਦੇਖ ਵੱਟ ਤੇ ਖੜ੍ਹੇ ਜੱਟ ਦਾ ਗਦ-ਗਦ ਹੋਣਾ, ਮਾਨੋ ਫਸਲ ਕਹਿੰਦੀ ਕਰਦੇ ਕਤਲ ਆਪੇਛੁਡਾਲੂੰਗੀ। ਹਥੇਲੀ ਤੇ ਗਿਰਦੀ ਕਣੀ ਜਦੋਂ ਮਹਿਬੂਬ ਦਾ ਨਾਮ ਲਿਖਦੀ ਲਗਦੀ ਹੈ। ਇਨ੍ਹਾਂ ਸਭ ਪਲਾਂ ਤੇ ਖਰਚਾ ਕੋਈ ਨਹੀਂ ਹੁੰਦਾ ਪਰ ਰੂਹ ਦਾ ਰੱਜਪੂਰਾ ਹੁੰਦਾ ਹੈ। ਅਸੀਂ ਖ਼ਾਹਿਸ਼ਾਂ ਨੂੰ ਜ਼ਰਬ ਤਕਸੀਮ ਕਰਦੇ ਮਾਨਣਾ ਹੀ ਭੁੱਲ ਬੈਠਦੇ ਹਾਂ। ਖ਼ਾਹਿਸ਼ਾਂ ਤਾਂ ਫੈਲਦੀਆਂ ਹੀ ਰਹਿੰਦੀਆਂ ਹਨ।ਹਰ ਇਨਸਾਨਸੱਤ ਅੰਕਾਂ ਦੀ ਤਨਖਾਹ, ਛੇ ਅੰਕਾਂ ਦੀ ਬੱਚਤ, ਪੰਜ ਕਮਰਿਆਂ ਦਾ ਘਰ, ਚਾਰ ਪਹੀਆ ਗੱਡੀ, ਤਿੰਨ ਹਫ਼ਤੇ ਦੀ ਛੁੱਟੀ, ਦੋ ਪਿਆਰੇ ਬੱਚੇ ਅਤੇ ਇੱਕਵਫ਼ਾਦਾਰ ਪਤਨੀ \ ਪਤੀ ਦੀ ਲੋਚਾ ਪਾਲਦਾ ਹੈ।ਪਰ ਜਿਸ ਦੀਆਂ ਇਹ ਖ਼ਾਹਿਸ਼ਾਂ ਜਿੰਨੀਆਂ ਘੱਟ ਹੋਣਗੀਆਂ, ਉਹ ਓਨਾ ਹੀ ਵੱਧ ਖ਼ੁਸ਼ ਹੋਵੇਗਾ।ਮਨੋਵਿਗਿਆਨੀ ਇਸ ਪ੍ਰਾਪਤੀ ਲਈ ਕੁੱਝ ਨੁਕਤੇ ਦਸਦੇ ਹਨ1.ਦਿਆਲੂ ਕ੍ਰਿਪਾਲੂ ਹੋਣਾ,2. ਹਫ਼ਤੇ ਵਿੱਚ ਘੱਟੋ ਘੱਟ ਇੱਕ ਵਾਰੀ ਲਿਖੋ ਕਿਹੜਾ ਭਲਾ ਕੰਮ ਕੀਤਾ,3. ਨਿੱਕੇ ਨਿੱਕੇ ਵੇਲੇ ਤੋਂ ਤਸੱਲੀ ਲੱਭੋ,4. ਧੰਨਵਾਦੀ ਹੋਵੋ,5. ਕੁਦਰਤ ਅਤੇ ਪਰਿਵਾਰ ਦੇ ਨੇੜੇ ਰਹੋ,6. ਗੁੱਸੇ ਤੇ ਕਾਬੂ ਅਤੇ ਮੁਆਫ਼ੀ ਲਈ ਥਾਂ ਰੱਖੋ,7. ਸਰੀਰ ਤੇ ਸਿਹਤ ਦਾ ਧਿਆਨ ਰੱਖੋ,8. ਔਕੜ ਸਮੇ ਪਾਠ ਪੂਜਾ ਤੇ ਅਰਦਾਸ ਹੋਵੇ।ਇਉਂ ਖ਼ੁਸ਼ੀ ਅੰਦਰੋਂ ਹੀ ਲੱਭਣੀ ਪੈਂਦੀ ਹੈ। ਦਿਲ ਮੇਂ ਗ਼ਰ ਖ਼ੁਸ਼ੀ ਨਹੀਂ ਤੋ ਕਹੀਂ ਨਹੀਂ।ਇੱਕ ਵਾਰੀ ਦੋ ਭਰਾਵਾਂ ਦੇ ਵਿਚਾਰ ਵੱਖਰੇ ਸਨ। ਇੱਕ ਪਰਦੇਸ ਤੋਂ ਕਮਾਈ ਕਰ ਕੇ ਮੁੜਿਆ ਤਾਂ ਦੂਜਾ ਇੱਕ ਰੁੱਖ ਹੇਠ ਪਿਆ ਆਰਾਮ ਕਰ ਰਿਹਾਸੀ। ਪਰਦੇਸੀ ਨੇ ਆਪਣੀਆਂ ਪ੍ਰਾਪਤੀਆਂ ਦੱਸ ਕੇ ਕਿਹਾ--ਤੂੰ ਜੇ ਉੱਠ ਕੇ ਕੰਮ ਕਰਦਾ ਤਾਂ ਅਰਾਮ ਨਾਲ ਜੀਵਨ ਬਤੀਤ ਕਰਦਾ। ਦੂਜੇ ਨੇ ਜਵਾਬਦਿੱਤਾ--ਅਰਾਮ ਹੀ ਤਾਂ ਕਰ ਰਿਹਾ ਹਾਂ।ਇੱਕ ਵਾਰੀ ਯੂਨੀਵਰਸਿਟੀ ਵਿੱਚ ਫੋਟੋ ਨੁਮਾਇਸ਼ ਲੱਗੀ। ਇੱਕ ਫੋਟੋ ਵਿੱਚ ਕੈਕਟਸ ਦਾ ਕਲੋਜ਼-ਅਪ ਲਿਆ ਸੀ। ਉਸ ਦੇ ਬਰੀਕ ਤੋਂ ਬਰੀਕ ਕੰਡੇ ਵੀਆਪਣੀ ਤਿੱਖੀ ਨੋਕ ਨਾਲ ਨਜ਼ਰ ਆ ਰਹੇ ਸਨ। ਉਪਰ ਸਿਰਲੇਖ ਸੀ-'ਔਕੜ'। ਹੇਠਾਂ ਖਾਲੀ ਪਈ ਥਾਂ ਤੇ ਸੁਰਜੀਤ ਪਾਤਰ ਨੇ ਲਿਖਿਆ ਸੀ--ਦੇਖਣਾ ਕਿਤੇ ਤੁਹਾਡੇ ਦਿਲ ਵਿੱਚ ਤਾਂ ਨਹੀਂ ਹਨ।




# ਜੇ ਪਹਿਲਾਂ ਹੀ ਅੰਗਲੀਆਂ ਸੰਗਲੀਆਂ ਰਲੀਆਂ ਹੋਈਆਂ ਨੇ ਤਾਂ ਸਭ ਗਿਆਨ ਵਿਅਰਥ ਐ


ਮਹਿੰਦਰਪਾਲ ਸਿੰਘ ਬਰਾੜ

ਪਿਛਲੇ ਲੰਬੇ ਟੈਂਮ ਤੋਂ ਕਨੇਡਾ ਵਿਚ ਵਿਦਿਆਰਥੀ ਵਿਆਹਾਂ ਚ ਪੈਦੇ ਰੌਲਿਆ ਬਾਰੇ ਹੁਣ ਸ਼ਾਇਦ ਹੀ ਕੋਈ ਹੋਵੇ ਜੋ ਜਾਣਦਾ ਨਾ ਹੋਵੇ ।

ਆਸਟਰੇਲੀਆ ਵਿਚ ਵੀ ਵਿਆਹੇ ਜੋੜੇ ਜਾਂਦੇ ਨੇ ਪਰ ਓਥੇ ਇਹ ਸਮੱਸਿਆ ਲਗਭਗ ਨਾਂਹ ਦੇ ਬਰਾਬਰ ਹੈ ਅਤੇ ਇਸ ਪਿਛਲਾ ਅਸਲ ਕਾਰਨ ਹੈ ਸ਼ਾਇਦ ਪਤੀ ਪਤਨੀ ਦੇ ਇਕੱਠਿਆ ਅਤੇ ਅਲੱਗ ਅਲੱਗ ਜਾਣਾ ।

ਜਦ ਦੋਨੇ ਜਾਣੇ ਇਕੱਠੇ ਜਾਂਦੇ ਹਨ ਤਾ ਨਵੀਂ ਦੁਨੀਆਂ ਅੰਦਰ ਰੋਜਮਰਾ ਦੀਆਂ ਮੁਸ਼ਕਲਾਂ ਇਕੱਠੇ ਝੱਲਦੇ ਹਨ ਅਤੇ ਆਪਸੀ ਸ਼ਿਕਾਇਤਾਂ ਦੀ ਸ਼ਾਇਦ ਕੋਈ ਵਜਾਹ ਨਹੀ ਬਚਦੀ ਪਰ ਦੂਜੇ ਪਾਸੇ ਕਨੇਡਾ ਵਿਚ ਪਹਿਲਾਂ ਲੜ੍ਹਕੀ ਆਂਉਦੀ ਹੈ ਅਤੇ ਓਸ ਤੋਂ ਸਾਲ ਦੋ ਸਾਲ ਬਾਅਦ ਜਾ ਕੇ ਮੁੰਡੇ ਦੇ ਵੀਜੇ ਦੀ ਤਿਆਰੀ ਹੁੰਦੀ ਹੈ ।

ਹੁਣ ਵਿਚਕਾਰਲਾ ਸਮਾਂ ਹੀ ਸਭ ਪੁਆੜੇ ਦੀ ਜੜ ਹੈ । ਇਕ ਤਾਂ ਓਸ ਉਮਰ ਵਿਚ ਵਿਆਹ ਹੋ ਜਾਂਦੇ ਜਿਸ ਵਿਚ ਕੁੜੀਆਂ ਮੁੰਡਿਆ ਨੂੰ ਵਿਆਹ ਲਫਜ ਦੇ ਮਾਇਨੇ ਹੀ ਨਹੀ ਪਤਾ ਹੁੰਦੇ ਅਤੇ ਦੂਜਾ ਜਕਦਮ ਬੱਝਵੇ ਸਮਾਜਿਕ ਸਿਸਟਮ ਚੋਂ ਖੁੱਲੇ ਆਜਾਦੀ ਭਰੇ ਸਮਾਜ ਵਿਚ ਦਾਖਲਾ ਹੁੰਦਾ ਹੈ । ਕਨੇਡਾ ਵਿਚ ਇਕ ਮੁੰਡੇ ਲਈ ਸਰਵਾਈਵ ਕਰਨਾ ਬਹੁਤ ਔਖਾ ਹੁੰਦਾ ਹੈ ਫਿਰ ਕੁੜੀ ਬਾਰੇ ਤੁਸੀਂ ਖੁਦ ਸੋਚ ਸਕਦੇ ਹੋ ।ਇਕ ਪਾਸੇ ਆਪਣੀ ਪੜ੍ਹਾਈ ਦਾ ਬੋਝ ਫਿਰ ਪਿੱਛੇ ਮਾਪਿਆ ਜਾਂ ਸਹੁਰਿਆਂ ਦੀਆਂ ਮਜਬੂਰੀਆਂ ਕਿਉਕੇ ਨਾ ਚਾਹਕੇ ਵੀ ਫੜ ਦੜ ਕੇ ਲਾਏ ਪੈਸਿਆ ਵਿਚ ਹੱਥ ਵਟਾਉਣ ਨੂੰ ਮੁੰਡੇ ਥਰੂ ਕਿਹਾ ਜਾਣਾ ਲਾਜਮੀਂ ਹੈ ਅਤੇ ਓਸ ਤੋਂ ਉਪਰ ਦੀ ਇਕ ਆਜਾਦੀ ਭਰਿਆ ਮਹੌਲ ।ਕਰਨ ਔਜਲੇ ਦੇ ਗਾਣੇ ਚ ਇਕ ਲਾਇਨ ਐ ਮਾਡਰਨ ਦੁਨੀਆ ਬਾਰੇ ਕੇ "ਕੰਪਨੀ ਮੈਟਰ ਕਰਦੀ ਐ" ਬਿਲਕੁਲ ਕੰਪਨੀ ਮੈਟਰ ਕਰਦੀ ਹੈ ।ਜੇਕਰ ਚੰਗੇ ਲੋਕਾਂ ਚ ਰਹਾਂਗੇ ਤਾਂ ਚੰਗੇ ਬਣਾਗੇ ਬੁਰਿਆਂ ਵਿਚ ਰਹਾਂਗੇ ਤਾਂ ਬੁਰੇ ਬਣਾਗੇ ।

ਖੈਰ ਜੇ ਤਾਂ ਪਹਿਲਾਂ ਹੀ ਅੰਗਲੀਆਂ ਸੰਗਲੀਆਂ ਰਲੀਆਂ ਹੋਈਆਂ ਨੇ ਤਾਂ ਸਭ ਗਿਆਨ ਵਿਅਰਥ ਐ ਜਿੱਥੇ ਅਗਲੀ ਜਾਂ ਅਗਲਾ ਵਾਅਦੇ ਕਰਕੇ ਆਈ ਜਾਂ ਆਇਆ ਹੋਵੇ ਕੇ ਕੇਰਾਂ ਮੈਨੂੰ ਜਾ ਲੈਣਦੇ ਫੇਰ ਇਹਨਾ ਨੂੰ ਲੱਤ ਮਾਰਕੇ ਮੈਂ ਤੈਨੂੰ ਸੱਦ ਲਊਂ ਪਰ ਜਦ ਇਕ ਸਾਲ ਦੂਰ ਰਹਿਣਾ ਅਤੇ ਪਿਛੋਂ ਡਿਮਾਂਡਾ ਦਾ ਦੌਰ ਹੋਵੇ ਲਾਜਿਮ ਤੌਰ ਤੇ ਕੋਈ ਵੀ ਇਸ ਆਜਾਦ ਸਮਾਜ ਵਿਚ ਆ ਕੇ ਇਗਨੋਰੈਂਸ ਦਾ ਸ਼ਿਕਾਰ ਹੋਵੇਗਾ ਅਤੇ ਜੇਕਰ ਇਸ ਦੌਰਾਨ ਏਥੇ ਕੋਈ ਰੋਣ ਵਾਸਤੇ ਮੋਢਾ ਦੇਣ ਵਾਲਾ ਮਿਲ ਜਾਵੇ ਤਾਂ ਫਿਰ ਇਹ ਕਹਾਣੀ ਬਹੁਤ ਜਿਆਦਾ ਭੈੜਾ ਰੂਪ ਧਾਰ ਲੈਂਦੀ ਹੈ ਅਤੇ ਇਹਨਾ ਦੇਸ਼ਾਂ ਵਿਚ ਮੋਢਾ ਮਿਲਣਾ ਕੋਈ ਔਖਾ ਨਹੀ ਹੈ, ਇਹੋ ਜਿਹਾ ਹੀ ਹੈ ਇਹ ਦੇਸ਼ ।

ਜਿਆਦਾ ਨਾ ਕਹਿੰਦਾ ਹੋਇਆ ਏਨਾ ਈ ਕਹੂੰ ਕੇ ਕੱਲੀਆਂ ਕੁੜੀਆਂ ਨੂੰ ਭੇਜਣ ਦਾ ਜੇਰਾ ਕੱਢ ਲੈਨੇ ਓਂ ਤਾਂ ਸਾਲ ਦੋ ਸਾਲ ਠੰਡ ਵੀ ਰੱਖਿਆ ਕਰੋ ਬਾਕੀ ਕੁੜੀਆਂ ਨੂੰ ਬਰੀ ਨਹੀ ਕਰ ਰਿਹਾ ਕਿਉਕੇ ਏਥੇ ਜੋ ਹਲਾਤ ਦੇਖੇ ਨੇ ਜਾਂ ਸੁਣੇ ਨੇ ਜੇ ਓਹਨਾ ਬਾਰੇ ਲਿਖਣ ਲਗਪੇ ਤਾਂ ਕਈ ਫੈਮਨਿਸਟਾ, ਪੰਥਕਾਂ, ਲਿਬਰਲਾ ਦੇ ਧਰਨ ਪੈਣ ਲਗ ਪੈਣੀ ਐ । ਖੈਰ ਜਾਂਦਾ ਜਾਂਦਾ ਇਕ ਘਟਨਾ ਦਾ ਜਿਕਰ ਕਰ ਦਿੰਨਾ ਹਲਾਤਾਂ ਬਾਰੇ "ਟੂ ਬੀ ਫਰੈਂਕ"

ਮੇਰੇ ਕੋਲ ਕੰਮ ਕਰਦੇ ਮੁੰਡੇ ਨੇ ਐਥੇ ਮੇਪਲ ਏਰੀਏ ਚ ਅਪਾਰਟਮੈਂਟ ਦੇਖਣ ਜਾਣਾ ਸੀ 2016 ਕ ਦੀ ਗਲ ਐ । ਅਪਾਰਟਮੈਂਟ ਮਨੇਜਰ ਤੀਸਰੀ ਮੰਜਲ ਤੇ ਜਾ ਕੇ ਜਦ ਦਰਵਾਜਾ ਖੋਲਣ ਲੱਗਾ ਤਾਂ ਚਾਬੀ ਗਲਤ ਲੈ ਆਇਆ ਤੇ ਸਾਨੂੰ ਕਹਿੰਦਾ ਬਈ ਮੈਂ ਚਾਬੀ ਭੁੱਲ ਆਇਆ ਦਸ ਪੰਦਰਾਂ ਮਿੰਟ ਲਗ ਜਾਣੇ ਨੇ ਸੋ ਜੇ ਤੁਸੀਂ ਬੁਰਾ ਨਾ ਮੰਨੋ ਤਾਂ ਮੈਂ ਤੁਹਾਨੂੰ ਕਿਸੇ ਦੀ ਅਪਾਰਟਮੈਂਟ ਖੁਲਵਾ ਕੇ ਦਿਖਾ ਦਿੰਨਾ ਥੋਨੂੰ ਕਮਰਿਆਂ ਦਾ ਪਤਾ ਲਗਜੂ ਬਸ ਸਫਾਈ ਵਗੈਰਾ ਅਸੀਂ ਪੂਰੀ ਕਰਵਾ ਕੇ ਦਿੰਨੇ ਹਾਂ ।

ਅਸੀਂ ਹਾਂ ਕੀਤੀ ਤਾਂ ਓਸਨੇ ਨਾਲ ਦੀ ਅਪਾਰਟਮੈਂਟ ਖੁਲਵਾਈ ਤੇ ਓਹਨਾ ਕੋਲੋ ਪਰਮਿਸ਼ਨ ਮੰਗੀ ਚਾਬੀ ਭੁਲਣ ਵਾਲੀ ਗਲ ਦਸਕੇ ਤਾਂ ਓਹਨਾ ਨੇ ਪਰਮਿਸ਼ਨ ਦੇਤੀ, ਅੰਦਰ ਦਾ ਮਹੌਲ ਇਹ ਸੀ ਕੇ ਦੋ 17-18 ਸਾਲ ਉਮਰ ਦੀਆਂ ਦੇਸੀ ਕੁੜੀਆਂ ਸੀ ਤੇ ਇਕ ਮੁੰਡਾ ਸੀ ਅੰਦਰ, ਕੁੜੀਆ ਦੇ ਏਨੇ ਕ ਛੋਟੇ ਕੱਪੜੇ ਪਾਏ ਸਨ ਕੇ ਬੀਚ ਤੇ ਆਪਣੇ ਵਾਲੇ ਬਹੁਤੇ ਓਦੂੰ ਵੱਡੇ ਕੱਪੜੇ ਪਾ ਕੇ ਜਾਂਦੇ ਨੇ, ਸੋ ਇਹ ਤਾਂ ਹੋ ਨੀ ਸਕਦਾ ਕੇ ਓਹ ਮੁੰਡਾ ਓਹਨਾ ਦਾ ਭਰਾ ਹੋਵੇ ਬਲਕੇ ਕਿਸੇ ਨੇ ਕੋਈ ਸੰਗ ਨਹੀ ਕੀਤੀ ਸੋ ਇਹ ਸਭ ਇਥੇ ਹੁੰਦਾ ਹੈ ਜਿਹੜਾ ਇਹਨਾ ਗੱਲਾਂ ਚ ਇੰਟਰਸਟ ਨਹੀ ਲੈਂਦਾ ਤੇ ਅੰਨਾ ਹੋ ਕੇ ਕਿਸੇ ਨੂੰ ਅਫੈਂਡ ਜਾਂ ਡਿਫੈਂਡ ਕਰਦਾ ਓਸਨੂੰ ਸਭ ਠੀਕ ਠਾਕ ਲਗਦਾ ਹੈ ਪਰ ਜਦ ਤੁਸੀ ਇਸ ਬਾਰੇ ਗਲ ਕਰਦੇ ਹੋ ਖਾਸਕਰ ਯੰਗਸਟਰ ਪੱਬਾਂ ਕਲੱਬਾਂ ਚ ਜਾਣ ਵਾਲੀ ਜਨਤਾ ਨਾਲ ਤਾਂ ਓਹ ਦੱਸਦੇ ਨੇ ਮਹੌਲ ਹੈਅ ਕੀ ਐ। ਨੈਪੋਲੀਅਨ ਕਹਿੰਦਾ ਸ਼ਰੀਫੋਂ ਕੀ ਮਹਿਫਿਲ ਮੇਂ ਰਹਿਕੇ ਸਾਰੀ ਦੁਨੀਆ ਜੰਨਤ ਲਗਤੀ ਹੈ ਪਰ ਦੋਜਤੇ ਜਹਾਂ ਕੀ ਗਹਿਰਾਈ ਦੇਖਨੀ ਹੈ ਤੋ ਹਾਥ ਮੇ ਜਾਂਮ ਲੇਕਰ ਘਰ ਸੇ ਬਾਹਰ ਨਿਕਲੋ ।
(ਮਹਿੰਦਰਪਾਲ ਸਿੰਘ ਬਰਾੜ ਦੀ ਫੇਸ ਬੁੱਕ ਬੁੱਕ ਉੱਪਰੋਂ ਸਮੇਂ ਦੇ ਨਾਲ ਨਾਲ ਚਲਦੀਆਂ ਘਟਨਾਵਾਂ ਦੀਆਂ ਚਰਚਾਵਾਂ ਵਿੱਚੋਂ ਇੱਕ ਚਰਚਾ ਇਹ ਵੀ ਪੰਜਾਬੀ ਅਖਬਾਰ ਦੇ ਪਾਠਕਾਂ ਲਈ ਹਾਜਿਰ ਐ)

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੀ ਪੜੀ ਲਿਖੀ ਚੰਗੀ ਜੌਬ ਕਰਦੀ , ਵੈਸਨੂੰ ਲੜਕੀ ,ਉਮਰ 34 ਸਾਲ, ਕੱਦ 5 ਫੁੱਟ 3 ਇੰਚ, ਲਈ ਕਨੇਡਾ ਤੋਂ ਹੀ ਲੜਕੇ ਦੀ ਲੋੜ ਹੈ।ਸੰਪਰਕ: 587 664 3022 **181**

### ਲੜਕੇ ਦੀ ਲੋੜ

ਖੇਲਾ ਪਰਿਵਾਰ ਦੀ ਸੋਹਣੀ ਸੁਨੱਖੀ ਪੰਜਾਬ ਰਹਿੰਦੀ ਲੜਕੀ ਉਮਰ 20 ਸਾਲ , ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਗਰੇਡ ਟਵੈਲਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ ।ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਲੜਕੀ ਨੂੰ ਕਨੇਡਾ ਆਉਣ ਮੌਕੇ ਸੈਟਲ ਹੋਣ ਵਿੱਚ ਮੱਦਦ ਕਰ ਸਕਦਾ ਹੈ। ਸੰਪਰਕ: 587 937 0224 ***181***

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਪੜੀ ਲਿਖੀ ,ਬੈਂਕ ਦੀ ਜੌਬ ਕਰਦੀ, ਕਨੇਡੀਅਨ ਪੀ ਆਰ ( ਡਿਵੋਰਸ ਸਾਰਟ ਮੈਰਿਜ ) ਲੜਕੀ ਉਮਰ 29 ਸਾਲ ,ਕੱਦ 5 ਫੁੱਟ 8 ਇੰਚ, ਲਈ ਪੜੇ ਲਿਖੇ ਚੰਗੇ ਪਰਿਵਾਰ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ।ਲੜਕੀ ਦੀ ਵਿਦਿਅਕ ਯੋਗਤਾ ਐਮ ਬੀ ਏ (ਹਿਊਮਨ ਰਿਸੋਰਸ) ਹੈ।ਸੰਪਰਕ : 1 661 578 2665 (ਯੂ ਐਸ ਏ ) 9915240051 ਜਾਂ ਈ ਮੇਲ ਕਰੋ : UNITEDHIGHWAYS@GMAIL.COM ***181***

### ਲੜਕੀ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜਨ ,ਉਮਰ 38 ਸਾਲ, ਕੱਦ 5 ਫੁੱਟ 6 ਇੰਚ, ਸਾਊ ,ਨਸਾ ਰਹਿਤ, ਤਲਾਕਸੁਦਾ ਲੜਕੇ ਲਈ ਕਨੇਡਾ ਵਿੱਚ ਹੀ ਪੱਕੀ ਰਹਿੰਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੀ ਘਰੇਲੂ ਵਿਚਾਰਾਂ ਵਾਲੀ ਘੱਟ ਪੜੀ ਲਿਖੀ ਹੀ ਹੋਵੇ।ਵਿਜਟਿਰ ਜਾਂ ਸਟੂਡੈਂਟ ਸੰਪਰਕ ਨਾ ਕਰਨ। ਲੜਕੇ ਦੇ ਪਹਿਲੇ ਵਿਆਹ ਵਿੱਚੋਂ 5 ਸਾਲ ਦੀ ਇੱਕ ਬੇਟੀ ਵੀ ਹੈ ਜੋ ਆਪਣੀ ਮਾਂ ਨਾਲ ਕਿਸੇ ਹੋਰ ਸਹਿਰ ਵਿੱਚ ਰਹਿੰਦੀ ਹੈ।ਸੰਪਰਕ: 204 632 4138 ***181***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਚਹਿਲ ਪਰਿਵਾਰ ਦੀ ਲੜਕੀ, ਉਮਰ 31 ਸਾਲ, ਕੱਦ 5 ਫੁੱਟ 5 ਇੰਚ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਲੜਕੀ ਦੀ ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ ਡਿਗਰੀ (ਇੰਡੀਆ) ਅਕਾਂਊਟਿੰਗ ਐਂਡ ਫਾਇਨੈਂਸਿੰਗ ਡਿਗਰੀ (ਕਨੇਡਾ) ਤੋਂ ਕੀਤੀ ਹੈ ਅਤੇ ਹੁਣ ਸਰਵਿਸ ਕਨੇਡਾ ਇੰਪਲਾਈਮੈਂਟ ਇੰਸੋਰੈਂਸ ਨਾਲ ਜੌਬ ਕਰ ਰਹੀ ਹੈ।ਸੰਪਰਕ ਲਈ ਈ ਮੇਲ : Navdeepkaur28@gmail.com ***181***

### ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ ,ਉਮਰ 1981,ਕੱਦ 5 ਫੁੱਟ 4 ਇੰਚ, ਮਾਲਵਾ ਏਰੀਆ ਨਾਲ ਸਬੰਧਿਤ ,ਕੈਲਗਰੀ ਵਿੱਚ ਰਹਿ ਰਹੀ ਲੜਕੀ ਵਾਸਤੇ ਲੜਕੇ ਦੀ ਲੋੜ ਹੈ।ਸੰਪਰਕ : 403 671 3435 ਜਾਂ 587 891 3435 ***181***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਧਾਲੀਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ licensed practical Nurse ਲਈ ਹਾਣ ਪਰਵਾਣ ਦੇ ਸੋਹਣੇ ਸੁਨੱਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਸੰਪਰਕ 403 850 6263 ***179***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਵਿਨੀਪੈਗ ਨੂੰ ਪਹਿਲ ।ਸੰਪਰਕ: 431 556 4986 ***178***

### ਲੜਕੀ ਦੀ ਲੋੜ

Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

### ਲੜਕੀ ਦੀ ਲੋੜ

ਪਰਮਾਨੈਂਟ ਰੈਜੀਡੈਂਸੀ ਹੋਲਡਰ ਨਿਊਜੀਲੈਂਡ, ਨਿਊਜੀਲੈਂਡ ਤੋਂ ਹੀ ਵਿਦਿਆ ਪ੍ਰਾਪਤ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 27 ਸਾਲ , ਕੱਦ 5 ਫੁੱਟ 11 ਇੰਚ, ਲਈ ਕਨੇਡਾ ਤੋਂ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 403 437 9061 ***177***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਖੰਗੂੜਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ , ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਇਨਫਾਰਮੇਸਨ ਟੈਕਨੋਲਜੀ ਤਿੰਨ ਸਾਲ ਡਿਪਲੋਮਾ ਹੋਲਡਰ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਸਾਰੀ ਫੈਮਿਲੀ ਕਨੇਡਾ ਵਿੱਚ ਹੀ ਸੈਟਲ ਹੈ ।ਸੰਪਰਕ: 403 680 8300 ਜਾਂ 403 589 4209 ***177***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ।ਸੰਪਰਕ: 587 438 4041 ***177***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਪਰਿਵਾਰ ਦੀ ਚੰਗੀ ਪੜੀ ਲਿਖੀ ਗੁਰਸਿੱਖ,ਤਲਾਕਸੁਦਾ ਲੜਕੀ ਉਮਰ 35 ਸਾਲ ਕੱਦ 5 ਫੁੱਟ 3 ਇੰਚ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 700 8715 ***173***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੂਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ। ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ ।ਸੰਪਰਕ: 403 604 2861***176***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ । ਸੰਪਰਕ: 403 615 0583 **190**


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈਗ- 431 733 3000**



## Param Shanti Meditation Group

*Guidelines for deeper experience *
1. Please join 15 min prior
2. Sit in a private, quiet room, mute your phone
3. You are welcome to invite family members and friends
4. Same Zoom link every Sunday
5. Entry time: Sunday 9:45am-10:00 am
6. Please do not forward any post in this group but send to my WhatsApp

Every Sunday: <Ø8ß10:00am to 11:30am (MST)
With love and blessingsd'þ
Gurmeet Kaur Sarpal
**https://us02web.zoom.us/j/5877001086**
FREE.. join me and experience stillness, silence and peace within the Mind and body.
Meditation for 30 minutes. Hope, help and heal together, we can do all three together.
Peace in the midest of chaos.Where Are You? Life is happening all around you but you too rushed and busy to experience it. Take time for stillness and quite in order to experience the



greater reality of life Called Meditation's JOIN ME
FREE every Saturday at 10 AM on ZOOM.
Contact.587 5001454



## Hiring !

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**



## ਟਰੱਕ ਡਰਾਈਵਰਾਂ ਦੀ ਲੋੜ

0-2 years of experience,
Please contact us
VADDA BHAI
Contact:
Gagan Bains
VADDA BHAI
ACE OF SPADES INC
T: 1-825-733-0030
Email Resume to:
gagan@vbaspades.com
ACE OF SPADES INC



## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**


### ਨੈਨੀ ਦੀ ਲੋੜ

ਕੈਲਗਰੀ ਵੱਸਦੇ ਪੰਜਾਬੀ ਪਰਿਵਾਰ ਨੂੰ ਨੈਨੀ ਦੀ ਜਰੂਰਤ ਹੈ। ਪੰਜਾਬੀ ਜੁਬਾਨ ਬੋਲਣੀ ਆਉਂਦੀ ਜਰੂਰੀ ਹੈ। ਰੋਟੀ ਪਾਣੀ ਸਮੇਤ ਘਰ ਦਾ ਸਾਰਾ ਕੰਮ ਕਰਨਾ ਆਉਣਾ ਚਾਹੀਦਾ ਹੈ । ਵਿਜਟਿਰ ਵੀਜੇ ਉੱਪਰ ਆਏ ਯੋਗ ਉਮੀਂਦਵਾਰ ਨੂੰ elderly care catagory ਪ੍ਰੋਗਰਾਮ ਤਹਿਤ ਸਪਾਂਸਰ ਵੀ ਕੀਤਾ ਜਾ ਸਕਦਾ ਹੈ । ਯੋਗ ਤਨਖਾਹ ਦਿੱਤੀ ਜਾਵੇਗੀ ।ਸੰਪਰਕ: 403 200 6735 ***174***

## ਅਮਰੀਕਾ ਵਿੱਚ ਬਿਜਲੀ ਡਿੱਗਣ ਕਾਰਣ ਜੰਗਲੀ ਅੱਗਾਂ ਲੱਗੀਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਕੈਲਿਫੋਰਨੀਆ ਦੇ ਉੱਤਰ ਵਿੱਚ ਲੱਗੀ ਤੇ ਫੈਲੀ ਜੰਗਲੀ ਅੱਗ ਲਗਾਤਾਰ ਵਧਦੀ ਜਾ ਰਹੀ ਹੈ ਤੇ ਇਸ ਦੀ ਜ਼ਦ ਵਿੱਚ ਆਉਣ ਵਾਲੇ ਇਲਾਕੇ ਵਧਣ ਲੱਗੇ ਹਨ। ਤਾਪਮਾਨ 54 ਡਿਗਰੀ ਸੈਨਸਿਅਸ ਤੱਕ ਪਹੁੰਚ ਗਿਆ ਹੈ ਤੇ ਲੋਕ ਗਰਮੀ ਨਾਲ ਭੁੱਜ ਗਏ ਹਨ। ਕਈ ਥਾਈਂ ਉਪਰੋਂ ਸੁੱਟਿਆ ਜਾ ਰਿਹਾ ਪਾਣੀ, ਹੇਠਾਂ ਆ ਹੀ ਨਹੀਂ ਰਿਹਾ ਹੈ ਤੇ ਪਹਿਲਾਂ ਹੀ ਭਾਫ਼ ਬਣ ਉੱਡ ਰਿਹਾ ਹੈ। ਆਸਮਾਨੀ ਬਿਜਲੀ ਡਿੱਗਣ ਕਾਰਨ ਇਹ ਅੱਗਾਂ ਲੱਗੀਆਂ ਦੱਸੀਆਂ ਜਾ ਰਹੀਆਂ ਹਨ।

For me, politics has always been about serving the people around me. It is an opportunity to give back to the community that has given me so much. And, with the help of amazing teams of people over the years, I am proud of what we have been able to accomplish."" ""When I first arrived here 40 years ago, I did not have much but Edmonton gave me the chance to grow. What got me through those early days were places like the public library. A welcoming place where I could study, read, and learn to speak English. At our community centres, I was able to meet new people and learn about our city. And with the bus system, I was able to see the city and get to our public parks to play soccer. The city that invested in public services helped an average working-class person like me fulfill my potential and succeed. And I see it as my responsibility to give back to the community that gave me so much."" ""In 2004, I decided the best way I could contribute to my community was by running for City Council. I lost that first campaign, but I tried again in 2007, and was elected as the councillor for Ward 12."" ""On City Council, one of my top priorities was investing in the LRT system, and the approval of the Valley Line to southeast Edmonton, which is expected to open later this year. We also got busy revitalizing downtown, helping to build recreational facilities, libraries, a senior centre, and a multicultural centre for Edmonton Mill Woods. I also helped launch REACH Edmonton, focusing on crime prevention and intervention to build a strong, safe and healthy city."" ""In 2015, I was elected to represent Mill Woods as a federal member of parliament and was appointed to cabinet as the Minister of Infrastructure and Communities. In this role, I worked to deliver for Albertans, overseeing billions in infrastructure investments including the Winspear expansion and Citadel renovation project, post-secondary research infrastructure, the expansion of the Yellowhead and the building of 50th street overpass. We also delivered millions for upgrades to Fort Edmonton Park, the expansion of the Telus World of Science and the Jerry Forbes Centre."" ""Then, in 2018, as Minister of Natural Resources I worked to ensure the Trans Mountain and Line 3 replacement Pipeline could move forward in the right way, and today both projects are nearing completion. I also advocated for the clean-up of abandoned oil wells in order to create thousands of jobs across the province, all while supporting the expansion of solar and other green energy projects in Alberta."" ""I am very proud that one of the first votes I cast as a member of parliament was to lower taxes on lower income Canadians, and then to create the Canada child benefit which sends tax-free money to families that need support. Both of these put more money in the pockets of Edmontonians and helped to cut child poverty in half in Alberta. With these two measures, we were able to help support families that needed it most right here in Edmonton and across the country."" ""As an immigrant, I know the challenges that families face coming to this country. When I was elected to federal office, our immigration system was in desperate need of reform to make it more efficient and more compassionate. Under changes I supported in parliament, you can now apply to become a citizen of Canada after being physically present in Canada for three out of the last five years instead of four out of six. We restored the age for the language and knowledge requirements for citizenship to 18 to 54 years old from 14 to 64 and changed the age of dependents from 19 to 22 years old making it easier for children to stay with their parents."" ""To me, politics is about making a difference. From driving a city bus, to serving on City Council, and representing Alberta at the cabinet table, my motivation has been to help improve the lives of the people I represent. If elected mayor, my promise to you is I will continue to work hard every day to build an even better Edmonton that works for everyone.



Mayoral Candidate Amarjeet Sohi


## Tractor Trucks for Lease

**Two Trucks for Lease**
**Volvo Trucks with Sleeper**
**Maintenance Free Lease**
**Minimum Six Months to Twelve Months Lease**
**Good for Local, Regional/Short-Haul**
**$5000.00 Down**
**$4000.00 Per Month**
Some Restrictions Apply
**Please Contact:**

FRESH FREIGHT



**KulbirShergill Fresh Freight Ltd**
**Phone or Text- 403-510-0070**
**Email: info@freshfreight.ca**



## A-CHOICE DRIVING SCHOOL


Bay# 324, 4774 Westwinds Dr NE
Calgary Alberta T3J 0L9
Tel: 403-473-1682



# ਪੁਸਤਕ ਸਮੀਖਿਆ ਮਾਈ ਨੇਮ ਇਜ਼ ਸਲਮਾ




ਜਗਦੇਵ ਸਿੱਧੂ ਕੈਲਗਰੀ
403 351 1136





ਇਹ ਪੁਸਤਕ ਡੱਚ ਲੇਖਿਕਾ ਸਲਮਾ ਵਾਨ ਡੇ ਪੈਰੇ ਨੇ ਲਿਖੀ ਹੈ ਜੋ ਐਲਿਸ ਟੈਟਲੇ-ਪਾਲ ਅਤੇ ਆਨਾ ਐਸਬਰੀ ਦੁਆਰਾ ਅੰਗ੍ਰੇਜ਼ੀ ਵਿਚ ਅਨੁਵਾਦਿਤਹੋਈ ਸਕਰਾਈਬਰ, ਨਿਊਯਾਰਕ ਨੇ ਛਾਪੀ ਹੈ। ਕੋਈ ਅੱਸੀ ਸਾਲ ਪਹਿਲਾਂ ਜਿਸ ਉੱਨੀ ਸਾਲ ਦੀ ਯਹੂਦਣ ਕੁੜੀ ਸਲਮਾ ਦੇ ਸਿਰ ਤੇ ਮੌਤ ਮੰਡਰਾ ਰਹੀ ਸੀ, ਅਗਲੇ ਸਾਲ- 7 ਜੂਨ, 2022 ਵਾਲੇ ਦਿਨਉਹ, ਇੱਕ ਪੁੱਤ ਦੀ ਮਾਂ, ਲੰਡਨ ਵਿਚ ਆਪਣੇ ਜਨਮ ਦਿਨ ਦੀ ਸੌਵੀਂ ਵਰ੍ਹੇ ਗੰਢ ਮਨਾ ਰਹੀ ਹੋਵੇਗੀ। ਉਦੋਂ ਇਹ ਮੌਤ ਲੱਖਾਂ ਲੋਕਾਂ ਦੇ ਸਿਰ ਤੇ ਆਣ ਖੜ੍ਹੀ ਸੀ ਜਿਨ੍ਹਾਂ ਵਿੱਚੋਂ ਸਲਮਾ ਵਰਗਾ ਕੋਈ ਵਿਰਲਾ ਹੀ ਬਚਿਆ। ਉਸ ਨੇ ਹਾਲਾਤ ਦਾ ਕਿਸ ਦਲੇਰੀ ਨਾਲ ਟਾਕਰਾ ਕੀਤਾ, ਕੀ ਕੁੱਝ ਵਾਪਰਦਾ ਅੱਖੀਂ ਵੇਖਿਆ ਅਤੇ ਕਿਵੇਂ ਬਚਦੀ ਰਹੀ, ਇਹੀ ਇਸ ਕਿਤਾਬ ਦੀ ਕਹਾਣੀ ਹੈ ਜੋ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਨੀਦਰਲੈਂਡ ਵਿਚ ਜੰਮੀ ਪਲੀ ਸਲਮਾ ਵੈਲੇਮਨ ਦੇ ਪਰਿਵਾਰ ਵਿਚ ਪਿਤਾ ਬੈਰੰਡ ਲੈਵੀ ਵੈਲੇਮਨ, ਮਾਂ ਫੈਮੇਚਜ਼ ( ਫੈਮ ), ਭਰਾ ਲੂਈ, ਡੈਵਿਡ, ਛੋਟੀ ਭੈਣ ਕਲਾਰਾ, ਭੂਆ ਗਰੇਟਾ ਅਤੇ ਭੂਆ ਦੀ ਕੁੜੀ ਸਾਰਾਹ ਸਨ। 1936 ਵਿਚ ਜਦੋਂ ਜਰਮਨੀ ਵਿਚ ਹਿਟਲਰ ਦੀ ਤਾਨਾਸ਼ਾਹੀ ਹੇਠ ਨਾਜ਼ੀਆਂ ਦਾ ਦੌਰ ਸਿਖਰ ਤੇ ਸੀ ਤਾਂ ਜਰਮਨੀ ਤੋਂ ਯਹੂਦੀ ਨੀਦਰਲੈਂਡ ਵੀ ਆਉਣੇ ਸ਼ੁਰੂ ਹੋਏ। ਸੈਕਕੰਡਰੀ ਸਕੂਲ ਵਿਚ ਸਲਮਾ ਨੇ ਅੰਗ੍ਰੇਜ਼ੀ, ਫਰੈਂਚ ਤੇ ਜਰਮਨ ਭਾਸ਼ਾਵਾਂ ਸਿੱਖੀਆਂ। 1939 ਵਿਚ ਦੂਜੀ ਵਿਸ਼ਵ ਜੰਗ ਛਿੜ ਪਈ। 10 ਮਈ, 1940 ਨੂੰ ਜਰਮਨੀ ਨੇ ਨੀਦਰਲੈਂਡ ਤੇ ਹਮਲਾ ਕਰ ਕੇ ਚਾਰ ਦਿਨਾਂ ਅੰਦਰ ਡੱਚ ਫੌਜਾਂ ਦੇ ਹਥਿਆਰ ਸੁਟਵਾ ਲਏ। ਹੁਣ ਯਹੂਦੀਆਂ ਨੂੰ ਯੂਨੀਵਰਸਿਟੀ ਜਾਣ ਅਤੇ ਸਰਕਾਰੀ ਨੌਕਰੀ ਲੈਣ ਤੋਂ ਮਨਾਹੀ ਕਰ ਦਿੱਤੀ ਗਈ। ਆਖਰੀ ਸਕੂਲੀ ਇਮਤਿਹਾਨ ਅਤੇ ਸਟੇਟ ਇਮਤਿਹਾਨ ਚੰਗੇ ਨੰਬਰਾਂ ਵਿਚ ਪਾਸ ਕਰਨ ਦੇ ਬਾਵਜੂਦ ਵੀ ਸਲਮਾ ਅੱਗੇ ਪੜ੍ਹਾਈ ਨਾ ਕਰ ਸਕੀ।1940 ਦੇ ਅਖ਼ੀਰ ਤੱਕ ਸਾਰੇ ਯਹੂਦੀ ਸਰਕਾਰੀ ਨੌਕਰੀ ਤੋਂ ਹਟਾ ਦਿੱਤੇ। ਯਹੂਦੀਆਂ ਅਤੇ ਗ਼ੈਰ-ਯਹੂਦੀਆਂ ਨੂੰ ਇੱਕ-ਦੂਜੇ ਦੇ ਘਰ ਜਾਣ ਦੀ ਵੀ ਮਨਾਹੀ ਸੀ। ਜਨਵਰੀ1941 ਵਿਚ ਸਾਰੇ ਯਹੂਦੀਆਂ ਨੂੰ ਡੱਚ ਅਧਿਕਾਰੀਆਂ ਕੋਲ ਰਜਿਸਟਰ ਕਰਵਾਉਣ ਲਈ ਕਿਹਾ ਗਿਆ। ਫਿਰ ਉਨ੍ਹਾਂ ਨੂੰ ਜਨਤਕ ਟਰਾਂਸਪੋਰਟ ਅਤੇਹੋਰ ਸਹੂਲਤਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ। ਉਨ੍ਹਾਂ ਨੂੰ ਆਪਣੇ ਰੇਡੀਓ ਵੀ ਸਮਰਪਣ ਕਰਨੇ ਪਏ। ਅਗਸਤ ਵਿਚ ਆਪਣੀ ਜਾਇਦਾਦ ਲਿਪਮੈਨਰੋਜ਼ਨਥਾਲ ਬੈਂਕ ( ਲੀਰੋ ) ਕੋਲ ਰਜਿਸਟਰ ਕਰਾਉਣੀ ਪਈ। ਮਈ 1942 ਵਿਚ ਬਾਕੀ ਸਾਮਾਨ-- ਗਹਿਣੇ, ਫ਼ਰਨੀਚਰ, ਘਰ ਦੇ ਬਰਤਨ,ਬਾਈਸਾਈਕਲ ਤੋਂ ਲੈਕੇ ਚਮਚਿਆਂ ਤੱਕ ਨੂੰ ਵੀ ਬੈਂਕ'ਚ ਰੱਖਣਾ ਪਿਆ। 23 ਜਨਵਰੀ, 1942, ਸਾਰੇ ਯਹੂਦੀਆਂ ਦੇ ਪਛਾਣ-ਪੱਤਰਾਂ ਉਪਰ ਵੱਡਾ ਸਾਰਾ J ਅੰਕਿਤ ਕੀਤਾ ਗਿਆ। 3 ਮਈ ਤੋਂ ਛੇ ਸਾਲ ਅਤੇ ਇਸ ਤੋਂ ਵੱਡੇ ਯਹੂਦੀਆਂ ਨੂੰ, ਲਿਬਾਸ ਉਪਰ ਡੈਵਿਡ ਦਾ ਪੀਲਾ ਸਿਤਾਰਾ ਜਿਸ ਉਪਰ JEW ਅੰਕਿਤ ਸੀ, ਪਹਿਨਣਾ ਲਾਜ਼ਮੀ ਕਰ ਦਿੱਤਾ ਗਿਆ। ਸਲਮਾ ਨੂੰ ਅਜਿਹੇ ਪਹਿਰਾਵੇ ਤੋਂ ਨਫ਼ਰਤ ਸੀ ਜਿਸ ਨੂੰ ਉਹ ਸਕੂਲੀ ਬੈਗ ਨਾਲ ਢਕਲੈਂਦੀ ਸੀ। ਇਸ ਨਿੱਕੇ ਜਿਹੇ ਪ੍ਰਤੀਕਰਮ ਤੋਂ ਉਸ ਦਾ ਟਾਕਰੇ ਵਾਲਾ ਪ੍ਰਤੀਰੋਧੀ ਜੀਵਨ ਸ਼ੁਰੂ ਹੁੰਦਾ ਹੈ। 14 ਜੁਲਾਈ, 1942, ਐਮਸਟਰਡਮ ਵਿਚ 700 ਯਹੂਦੀਆਂ ਨੂੰ ਪਕੜ ਕੇ ਅਗਲੇ ਦਿਨ ਕੁਛ ਨੂੰ ਨੀਦਰਲੈਂਡ ਦੇ ਵੈਸਟਰਬੌਰਕ ਅਤੇ ਕੁਛ ਨੂੰ ਕਬਜ਼ੇ ਹੇਠ ਪੋਲੈਂਡ ਦੇ ਆਉਸ਼ਵਿਟਸ ਕੈਂਪਾਂ ਵਿਚਭੇਜ ਦਿੱਤਾ। ਇਸ ਤਰ੍ਹਾਂ ਗਲੀਆਂ ਵਿੱਚੋਂ ਮੁੰਡੇ ਕੁੜੀਆਂ ਨੂੰ ਫੜ ਕੇ ਕੈਂਪਾਂ ਵਿਚ ਭੇਜਣਾ ਜਾਰੀ ਰਿਹਾ ਜਿੱਥੇ ਪਹਿਲਾਂ ਉਨ੍ਹਾਂ ਤੋਂ ਕੰਮ ਕਰਵਾਏ ਜਾਂਦੇ ਫਿਰਮਾਰ ਦਿੱਤਾ ਜਾਂਦਾ। ਜਦੋਂ ਜੂਨ 1942 ਵਿਚ ਸਲਮਾ ਨੂੰ ਕੈਂਪ ਵਿਚ ਲਿਜਾਣ ਦਾ ਹੁਕਮ ਆਇਆ ਤਾਂ ਇਸ ਤੋਂ ਬਚਣ ਲਈ ਉਸ ਨੇ ਮਿਲਟਰੀ ਲਈ ਕੱਪੜੇ ਬਨਾਉਣ ਵਾਲੀ ਫੈਕਟਰੀ ਵਿਚ ਕੰਮ ਲੈ ਲਿਆ। ਦੋ ਅਕਤੂਬਰ ਨੂੰ ਉਸ ਦਾ ਪਿਤਾ ਕੈਂਪ'ਚ ਭੇਜ ਦਿੱਤਾ ਗਿਆ। ਜੁਲਾਈ 1942 ਤੋਂਸਤੰਬਰ 1944 ਤੱਕ ਹਰੇਕ ਮੰਗਲਵਾਰ ਰੇਲ ਗੱਡੀ ਯਹੂਦੀਆਂ ਦੀ ਭਰ ਕੇ ਵੈਸਟਰ ਬੌਰਕ ਤੋਂ ਮੌਤ ਦੇ ਕੈਂਪਾਂ ਵੱਲ ਜਾਂਦੀ ਸੀ।

ਅਕਤੂਬਰ,1942 ਵਿਚ ਨਾਜ਼ੀ ਕੈਂਪਾਂ ਤੋਂ ਬਚਣ ਲਈ ਸਲਮਾ ਦੀ ਮਾਂ ਅਤੇ ਭੈਣ ਕਲਾਰਾ ਤਾਂ ਰੂਪੋਸ਼ ਹੋ ਕੇ ਕਿਸੇ ਅਣਪਛਾਤੇ ਘਰ ਚਲੀਆਂ ਗਈਆਂ ਪਰ ਉਹ ਆਪ ਐਮਸਟਰਡਮ ਰਹੀ। 11 ਨਵੰਬਰ, 1942 ਨੂੰ ਕੰਮ ਤੇ ਜਾਣ ਸਮੇਂ ਅਜੀਬ ਹਾਲਤ ਵਿਚ ਘਰ ਵਾਪਸ ਮੁੜ ਆਈ। ਦੇਵਨੇਤ ਨੂੰ ਉਸੇ ਦਿਨ ਫੈਕਟਰੀ ਵਿਚ ਛਾਪਾ ਮਾਰ ਕੇ, ਮੁਲਾਜ਼ਮਾਂ ਨੂੰ ਕੈਦ ਕਰਨ ਮਗਰੋਂ ਕੈਂਪਾਂ ਵਿਚ ਭੇਜ ਦਿੱਤਾ। ਉਹ ਬਚ ਗਈ। 6 ਦਸੰਬਰ ਨੂੰ ਪਾਪਾ ਦੇ ਆਉਸ਼ਵਿਟਸ ਕੈਂਪ ਭੇਜੇ ਜਾਣ ਬਾਰੇ ਸੁਨੇਹਾ ਮਿਲਿਆ। ਜੰਗ ਦੇ ਖ਼ਤਮ ਹੋਣ ਮਗਰੋਂ ਹੀ ਪਤਾ ਲੱਗਿਆ ਕਿ ਉਸ ਨੂੰ 7 ਦਸੰਬਰ ਵਾਲੇ ਦਿਨ ਮਾਰ ਦਿੱਤਾ ਗਿਆ ਸੀ। ਸਲਮਾ ਨੇ ਆਪਣੇ ਤਿੰਨ ਭਤੀਜਿਆਂ-- ਡੈਵਿਡ ਦੇ ਪੁੱਤਰਾਂ, ਨੂੰ ਬੜੀ ਹੁਸ਼ਿਆਰੀ ਨਾਲ ਈਸਾਈ ( ਫ਼ਰਜ਼ੀ) ਮਾਪਿਆਂ ਕੋਲ ਛੱਡ ਕੇ ਬਚਾ ਲਿਆ। ਇਹ ਉਸ ਦਾ ਪ੍ਰਤੀਰੋਧ ਅੰਦੋਲਨ (Resistance Movement) ਵਾਲਾ ਪਹਿਲਾ ਕਾਰਨਾਮਾ ਸੀ। ਉਸ ਨੇ ਯਹੂਦੀ ਪਛਾਣ ਲੁਕੋਣ ਵਾਸਤੇ ਸਿਰ ਦੇ ਵਾਲਾਂ ਨੂੰ ਭੂਰੇ ਰੰਗਾ ਲਿਆ। ਉਹ ਡਾ. ਵਿਮ ਸਟਾਰਮ ਦੇ ਸੰਪਰਕ ਵਿਚਆਈ, ਜਿਹੜਾ ਲੀਡਨ ਦੇ ਯੂਨੀਵਰਸਿਟੀ ਹਸਪਤਾਲ ਵਿਚ ਨਿਓਰਾਲੋਜੀ ਵਿਭਾਗ ਦਾ ਮੁਖੀ ਸੀ। ਉਹ ਪ੍ਰਤੀਰੋਧੀ ਅੰਦੋਲਨ ਦਾ ਜੁਝਾਰੂ ਸੀ ਜੋ ਯਹੂਦੀਆਂ ਨੂੰ ਲੁਕਣਗਾਹਾਂ ਦਸਦਾ ਸੀ ਅਤੇ ਗੁਪਤ ਰਹਿ ਕੇ ਗਰਭਵਤੀ ਯਹੂਦਣਾਂ ਦੇ ਬੱਚਿਆਂ ਦੀ ਡਲਿਵਰੀ ਕਰਦਾ ਸੀ। ਉਨ੍ਹਾਂ ਲਈ ਖ਼ੁਰਾਕ ਅਤੇ ਫ਼ਰਜ਼ੀ ਪਛਾਣ-ਪੱਤਰਾਂ ਦਾ ਵੀ ਪ੍ਰਬੰਧ ਕਰਦਾ ਸੀ। ਸਲਮਾ ਨੇ ਆਪਣਾ ਫ਼ਰਜ਼ੀ ਨਾਂ ਵਿਲਹੈਲਮਿਨਾ ਬੂਟਰ ਰੱਖ ਲਿਆ। ਇਸ ਨਾਂ ਦੀ ਵਿਦਿਆਰਥਣ, ਜੋ ਅਮਰੀਕਾ ਜਾ ਚੁੱਕੀ ਸੀ, ਦਾ ਪਛਾਣ-ਪੱਤਰ ਆਪਣੀ ਫੋਟੋ ਲਾ ਕੇ ਵਰਤ ਲਿਆ। ਇੱਕ ਵਾਰ ਉਸ ਨੂੰਕਿਸੇ ਭੇਤੀ ਨੇ ਪਛਾਣ ਲਿਆ ਅਤੇ ਉੱਚੀ ਦੇਣੇ ਸਲਮਾ ਪੁਕਾਰਿਆ। ਉਹ ਇੱਕ ਦਮ ਭੱਜ ਕੇ ਘਰ ਪਹੁੰਚ ਗਈ ਤੇ ਬਚ ਗਈ। ਪ੍ਰਤੀਰੋਧੀਆਂ ਦਾ ਟੋਲਾ ਜ਼ਰੂਰੀ ਥਾਵਾਂ ਤੇ ਸੁਨੇਹੇ ਅਤੇ ਚੀਜ਼ਾਂ ਭੇਜਣ ਦਾ ਕੰਮ ਗੁਪਤ ਰੂਪ ਵਿਚ ਕਰਦਾ ਸੀ। ਉਨ੍ਹਾਂ ਵਿੱਚੋਂ ਇੱਕ ਸਾਈਮਨ ਨਾਂ ਦਾ ਨੌਜਵਾਨ ਯਹੂਦੀਆਂ ਨੂੰ ਫਰਾਂਸ, ਸਪੇਨ ਜਾਂ ਫ਼ਲਸਤੀਨ ਭੇਜਣ ਦਾ ਜੋਖਮ ਭਰਿਆ ਕੰਮ ਕਰਦਾ ਸੀ। ਉਸ ਨੂੰ ਫੜ ਲਿਆ ਗਿਆ ਸੀ ਜਿੱਥੇ ਉਸ ਨੇਖ਼ੁਦਕੁਸ਼ੀ ਕਰ ਲਈ ਤਾਂ ਜੋ ਭੇਤ ਗੁਪਤ ਹੀ ਰਹਿਣ। ਅਜਿਹੇ ਕਈ ਟੋਲੇ ਸਰਗਰਮ ਸਨ। ਉਹ ਸਾਈਕਲਾਂ ਦਾ ਇੰਤਜ਼ਾਮ ਕਰਦੇ, ਰੇਲਵੇ ਦੀਆਂ ਟਿਕਟਾਂਲੈ ਕੇ ਦਿੰਦੇ, ਫ਼ਰਜ਼ੀ ਪਛਾਣ-ਪੱਤਰ ਬਣਾ ਕੇ ਦਿੰਦੇ, ਲੋੜਵੰਦਾਂ ਨੂੰ ਬਾਹਰ ਕੱਢਣ ਵਿਚ ਮਦਦ ਕਰਕੇ ਉਨ੍ਹਾਂ ਲਈ ਲੁਕਣਗਾਹਾਂ ਲਭਦੇ। ਕੁਛ ਗੁਰੁਪਭੰਨ-ਤੋੜ ਦੀਆਂ ਕਾਰਵਾਈਆਂ ਕਰਦੇ ਜਦੋਂ ਕਿ ਦੂਜੇ ਸੂਹੀਏ ਬਣ ਕੇ ਜਾਣਕਾਰੀ ਇਕੱਠੀ ਕਰਦੇ। ਸਲਮਾ ਸਾਰੇ ਨੀਦਰਲੈਂਡ ਵਿਚ ਏਧਰ-ਓਧਰ ਜਾਂਦੀ, ਬੈਲਜੀਅਮ ਅਤੇ ਫਰਾਂਸ ਵਿਚ ਵੀ ਜਾਂਦੀ, ਗ਼ੈਰ ਕਾਨੂੰਨੀ ਅਖ਼ਬਾਰਾਂ, ਪੈਂਫਲਿਟਾਂ, ਹੜਤਾਲਾਂ ਬਾਰੇਸੂਚਨਾ-ਪੱਤਰਾਂ,ਪੈਸਿਆਂ, ਖ਼ੁਰਾਕ ਅਤੇ ਫ਼ਰਜ਼ੀ ਪਛਾਣ-ਪੱਤਰਾਂ ਦਾ ਸੂਟ ਕੇਸ ਭਰ ਕੇ ਵੰਡਦੀ ਫਿਰਦੀ। ਹੁਣ ਉਸ ਨੂੰ ਡਰ ਲਗਣੋ ਹਟ ਗਿਆ ਸੀ ਅਤੇਗੁਪਤ ਕਾਰਵਾਈ ਇੱਕ ਆਮ ਜਿਹੀ ਆਦਤ ਬਣ ਗਈ ਸੀ। ਇੱਕ ਦਿਨ ਇੱਕ ਸੂਟਕੇਸ ਐਮਸਟਰਡਮ ਸਟੇਸ਼ਨ ਤੇ ਦਿੱਤਾ ਗਿਆ ਜਿਸ ਵਿਚਲੇਕਾਗਜ਼ਾਤ ਅੱਡੋ-ਅੱਡ ਪੰਜ ਥਾਵਾਂ ਤੇ ਦੇਣੇ ਸਨ। ਇੱਕ ਥਾਂ ਤੇ ਜਰਮਨ ਅਫਸਰਾਂ ਨੇ ਸੂਟਕੇਸ ਖੋਲ੍ਹ ਕੇ ਪੜਤਾਲਿਆ ਪਰ ਅੱਗੇ ਜਾਣ ਦੇ ਦਿੱਤਾ। ਸਲਮਾਫੇਰ ਬਚ ਗਈ। ਉਹ ਜਾਨ ਜੋਖਮ ਵਿਚ ਪਾ ਕੇ ਡਾਕ-ਦੂਤ-ਕੋਰੀਅਰ- ਦਾ ਕੰਮ ਕਰਦੀ ਰਹੀ। ਬਹੁਤ ਮਗਰੋਂ ਉਸ ਨੂੰ ਬੁਰੀ ਖ਼ਬਰ ਮਿਲੀ ਕਿ ਉਸ ਦੀ53 ਸਾਲਾ ਮਾਂ ਅਤੇ 15 ਸਾਲਾ ਭੈਣ ਕਲਾਰਾ ਨੂੰ 2 ਜੁਲਾਈ, 1943 ਵਾਲੇ ਦਿਨ ਸੋਬੀਬੋਰ ਵਿਖੇ ਮਾਰ ਦਿੱਤਾ ਸੀ। ਖ਼ਤਰਾ ਵਧਦਾ ਵੇਖ ਕੇ ਸਲਮਾ ਉਤਰੈਕਤ ਵਿਖੇ ਰਹਿਣ ਲੱਗ ਪਈ। ਦਸੰਬਰ 1943 ਵਿਚ ਸਾਰੇ ਡੱਚਾਂ ਨੂੰ ਨਵੇਂ ਰਾਸ਼ਨ ਕਾਰਡ ਬਨਾਉਣ ਲਈ ਕਿਹਾ ਗਿਆ। ਸਲਮਾ ਨੇ ਨਵੇਂ ਫ਼ਰਜ਼ੀ ਨਾਮ ਤੇ ਕਾਰਡ ਬਣਾਇਆ-- ਮਾਰਗਰੇਟਾ ਵਾਨ ਡੇਰ ਕਿਊਟ ( ਮਾਰਗਾ ), ਜਨਮ ਦਿਨ 10 ਅਕਤੂਬਰ, 1920 ਲਿਖਵਾਇਆ। ਇਸ ਗਰੁਪ ਨੇ ਬੜੇ ਲੋਕਾਂ ਦੇ ਅਜਿਹੇ ਕਾਰਡ ਬਣਾਕੇ ਦਿੱਤੇ। ਜਾਸੂਸੀ ਮਿਸ਼ਨ ਅਧੀਨ ਇੱਕ ਵਾਰ ਉਸ ਨੇ ਦੋ ਕੈਦੀ ਸਾਥੀਆਂ ਨੂੰ ਛੁਡਾਉਣ ਖਾਤਰ ਇੱਕ ਜਰਮਨ ਅਫ਼ਸਰ ਨਾਲ ਫ਼ਰਜ਼ੀ ਦੋਸਤੀ ਪਾ ਲਈ। ਉਸ ਫੌਜੀ ਦੇ ਘਰ ਜਾ ਕੇ ਬੜੀ ਹੁਸ਼ਿਆਰੀ ਨਾਲ ਉਸ ਦੀ ਵਰਦੀ ਵਾਲੀ ਜੈਕਟ ਦੀ ਜੇਬ 'ਚੋਂ ਜਰਮਨ ਮੋਹਰ ਅਤੇ ਦਸਤਖ਼ਤ ਵਾਲੇ ਕਾਗਜ਼ ਕੱਢ ਲਏ। ਅਪ੍ਰੈਲ, 1944 ਵਿਚ ਬੈਲਜੀਅਮ ਵਿਚ ਦੀ ਹੁੰਦੀ ਹੋਈ ਪੈਰਿਸ ਵਿਚ ਜਰਮਨ ਹੈੱਡਕੁਆਰਟਰ ਅੰਦਰ ਜਾ ਕੇ ਕਿਸੇ ਭੇਤੀ ਨੂੰ ਲਫਾਫਾ ਫੜਾ ਕੇ ਉਸ ਤੋਂਉਸ ਦਾ ਲਫਾਫਾ ਲੈ ਕੇ ਸਹੀ ਸਲਾਮਤ ਵਾਪਸ ਆ ਗਈ। ਇਸ ਵਿਉਂਤ ਨਾਲ ਉੱਥੇ ਸਰਗਰਮ ਮੈਂਬਰਾਂ ਨੂੰ ਕੈਦ 'ਚੋਂ ਛੁਡਾਉਣ ਦਾ ਰਾਹ ਖੁੱਲ੍ਹਿਆ। ਮਗਰੋਂ ਪਤਾ ਲੱਗਿਆ ਉਹ ਕੈਦੀ ਮੁੰਡੇ ਬਚ ਗਏ ਸਨ। 18 ਜੂਨ, 1944, ਸਲਮਾ ਨੂੰ ਦੋ ਸਾਥੀਆਂ ਸਮੇਤ ਗ੍ਰਿਫਤਾਰ ਕਰ ਕੇ ਊਤਰੇਕਤ ਦੀ ਜੇਲ੍ਹ ਵਿਚਭੇਜ ਦਿੱਤਾ। 26 ਜੁਲਾਈ ਨੂੰ ਨੀਦਰਲੈਂਡ ਦੇ ਵੂਖ਼ਤ ਕੈਂਪ ਵਿਚ ਭੇਜਿਆ। ਉੱਥੇ ਗਿਆਰਾਂ ਵਰਗ ਫੁੱਟੀ ਇੱਕ ਕੋਠੜੀ ਨੰ. 115 ਵਿਚ 74 ਕੈਦਣਾਡੱਕੀਆਂ ਹੋਈਆਂ ਸਨ। ਅਗਲੇ ਦਿਨ ਉਨ੍ਹਾਂ ਵਿੱਚੋਂ ਦਸ ਮਰੀਆਂ ਅਤੇ ਬਾਕੀ ਬੇਹੋਸ਼ ਮਿਲੀਆਂ। 5 ਸਤੰਬਰ, 'ਪਾਗਲ ਮੰਗਲਵਾਰ' ਦੇ ਦਿਨ, ਨਾਲ ਦੇਨਰ-ਕੈਂਪ ਵਿਚ 200 ਆਦਮੀ ਗੋਲੀਆਂ ਨਾਲ ਭੁੰਨ ਦਿੱਤੇ। ਇਸ ਤੋਂ ਅਗਲੇ ਦਿਨ ਉਸ ਨੂੰ ਬਰਲਿਨ ਤੋਂ 50 ਮੀਲ ਉੱਤਰ ਵੱਲ, ਰੇਵਨਸਬਰੁਕ ਭੇਜਦਿੱਤਾ। ਸਿਰਫ਼ ਇਹੋ ਕੈਂਪ ਔਰਤਾਂ ਲਈ ਸੀ ਜਿੱਥੇ ਫਰਾਂਸ, ਪੋਲੈਂਡ, ਨਾਰਵੇ, ਚੈਕੋਸਲੋਵਾਕੀਆ, ਬੈਲਜੀਅਮ ਅਤੇ ਨੀਦਰਲੈਂਡ ਦੀਆਂ ਸਿਆਸੀ ਕੈਦਣਾਂਜਾਂ ਜਰਮਨ ਬਾਗ਼ੀ ਔਰਤਾਂ ਨੂੰ ਤਾੜਿਆ ਜਾਂਦਾ ਸੀ। ਇੱਥੇ 18 ਮਈ, 1939 ਤੋਂ ਲੈ ਕੇ 132000 ਔਰਤਾਂ ਤੇ ਬੱਚੇ ਕੈਦ ਕਰ ਕੇ ਰੱਖੇ ਗਏ ਸਨ ਜਿਨ੍ਹਾਂਵਿੱਚੋਂ ਤਕਰੀਬਨ 92000 ਭੁੱਖ, ਬੀਮਾਰੀ ਅਤੇ ਅਧਿਕਾਰੀਆਂ ਦੁਆਰਾ ਮਾਰੇ ਗਏ। ਨਵ-ਜਨਮੇ ਬੱਚਿਆਂ ਨੂੰ ਮਾਵਾਂ ਤੋਂ ਖੋਹ ਕੇ ਡੁਬੋ ਕੇ ਮਾਰ ਦਿੱਤਾਜਾਂਦਾ ਸੀ ਜਾਂ ਬੰਦ ਥਾਵਾਂ ਤੇ ਸੁੱਟ ਕੇ ਮਰਨ ਲਈ ਛੱਡ ਦਿੱਤਾ ਜਾਂਦਾ ਸੀ। ਬਹੁਤ ਬੱਚੇ ਜਿਉਂਦੇ ਹੀ ਦੱਬੇ ਗਏ, ਕਈਆਂ ਨੂੰ ਜ਼ਹਿਰ ਦਿੱਤੀ ਗਈ ਜਾਂ ਗਲਘੁੱਟ ਕੇ ਮਾਰਿਆ ਗਿਆ। ਸੈਂਕੜੇ ਕੁੜੀਆਂ ਨੂੰ ਖੱਸੀ ਕੀਤਾ ਗਿਆ। 250 ਜਣਿਆਂ ਦੀ ਸਮਰੱਥਾ ਵਾਲੀਆਂ ਬੈਰਕਾਂ ਅੰਦਰ 1500 ਤੋਂ ਵੱਧ ਨੂੰ ਤੁੰਨਿਆਂ ਜਾਂਦਾ। ਨਾਲ ਦੇ ਕੈਂਪ ਵਿੱਚੋਂ 5000 ਤੋਂ ਵੱਧ ਔਰਤਾਂ ਨੂੰ ਕਤਲ ਕੀਤਾ ਗਿਆ। ਕਮੀਜ਼ ਦੀ ਬਾਂਹ ਤੇ ਲਾਲ ਤਿਕੋਣ ਅਤੇ ਖੱਬੀ ਬਾਂਹ ਤੇ ਨੰਬਰ।




ਮਾਰਗਾਦਾ ਨੰਬਰ 66947 ਸੀ। ਬਹੁਤੀਆਂ ਦੇ ਸਿਰ ਮੁੰਨੇ ਗਏ ਪਰ ਮਾਰਗਾ ਬਚ ਗਈ। ਇੱਕ ਵਾਰ ਦਸਤ ਲੱਗਣ ਕਾਰਨ ਸਵੇਰੇ ਉੱਠ ਨਾ ਸਕੀ ਤਾਂ ਜਰਮਨਅਫਸਰ ਨੇ ਬੈਲਟ ਨਾਲ ਕੁੱਟ ਕੇ ਬੇਹੋਸ਼ ਕਰ ਦਿੱਤੀ। 1945 ਦੇ ਸ਼ੁਰੂ ਵਿਚ ਰੂਸੀ ਫੌਜਾਂ ਨੇ ਪੂਰਬੀ ਯੂਰਪ ਵਿਚਲੇ ਖ਼ੂਨੀ (concentration camp ) ਕੈਂਪ ਆਜ਼ਾਦ ਕਰਵਾ ਲਏ ਸਨ। ਜਰਮਨਾ ਨੇਆਉਸ਼ਵਿਤਜ਼ ਤੋਂ ਹਜ਼ਾਰਾਂ ਕੈਦੀ ਰੈਵਨਸਬਰੁਕ ਕੈਂਪ ਵਿਚ ਲੈ ਆਂਦੇ। ਹਰ ਰੋਜ਼ ਕਿੰਨੇ ਹੀ ਕੈਦੀ, ਕੈਦਣਾਂ ਨੂੰ ਗੋਲੀਆਂ ਨਾਲ ਜਾਂ ਗੈਸ ਚੈਂਬਰਾ ਵਿਚ ਮਾਰਦਿੱਤਾ ਜਾਂਦਾ ਸੀ। 14 ਅਪ੍ਰੈਲ,1945 ਨੂੰ ਡੱਚ ਅਤੇ ਬੈਲਜੀਅਨ ਔਰਤਾਂ ਨੂੰਕੈਂਪਤੋਂ ਬਾਹਰ ਕੱਢਿਆ ਗਿਆ ਤਾਂ ਮੌਤ ਸਾਹਮਣੇ ਦਿੱਸੀ। ਰੈੱਡ ਕਰਾਸ ਵੱਲੋਂਖ਼ੁਰਾਕ ਦੇ ਪੈਕਟ ਦਿੱਤੇ ਗਏ। 23 ਅਪ੍ਰੈਲ ਨੂੰ ਰਿਹਾਈ ਦੀ ਖ਼ਬਰ ਮਿਲੀ। ਅਗਲੇ ਦਿਨ ਮਿਲਟਰੀ ਦੇ ਤਿੰਨ ਟਰੱਕਾਂ ਤੇ ਚੜ੍ਹ ਕੇ ਜਾ ਰਹੀਆਂ ਸਨ ਤਾਂਰਸਤੇ ਵਿਚ ਸ਼ਾਹੀ ਹਵਾਈ ਫੌਜ ਦੇ ਬੰਬਾਰਾਂ ਨੇ ਜਰਮਨ ਟਰੱਕ ਸਮਝ ਕੇ ਬੰਬ ਸੁੱਟੇ। ਇੱਕ ਟਰੱਕ ਦਾ ਡਰਾਈਵਰ ਅਤੇ 13 ਔਰਤਾਂ ਦੀ ਮੌਤ ਹੋ ਗਈ।ਮਾਰਗਾ ਬਚ ਗਈ। ਸਵੀਡਨ ਵਿਚ ਉਨ੍ਹਾਂ ਨੇ ਆਪਣੇ ਨਾਂ-ਪਤੇ ਡੱਚ ਡੈਲੀਗੇਸ਼ਨ ਨੂੰ ਦੱਸਣੇ ਸਨ। ਉਸ ਨੇ ਲਿਖਵਾਇਆ- ਮਾਰਗਰੇਟਾ ਵਾਨ ਡੇਰਕਿਊਟ। ਜਦੋਂ ਪੁੱਛਣ ਤੇ ਪਤਾ ਲੱਗਿਆ ਕਿ ਇਹ ਲਿਸਟਾਂ ਲੰਡਨ ਜਾਣੀਆਂ ਸਨ ਜਿੱਥੇ ਉਸ ਦੇ ਭਰਾ ਰਹਿੰਦੇ ਸਨ ਤਾਂ ਉਸ ਨੇ ਲਿਖਵਾਇਆ--ਮੇਰਾ ਨਾਂਹੈ ਸਲਮਾ। ਸਲਮਾ ਵੈਲੇਮਨ। ਇਸੇ ਕੈਂਪ ਵਿਚ ਉਸ ਨੂੰ ਕਿਸੇ ਨੇ ਉਸਦੇ ਭਰਾ ਡੈਵਿਡ ਵੱਲੋਂ ਭੇਜਿਆ ਤਾਰ ਦਾ ਲਿਫਾਫਾ ਦਿੱਤਾ। 5 ਮਈ ਨੂੰ ਡੱਚਰਾਜਦੂਤ ਨੇ ਆ ਕੇ ਜੰਗ ਖ਼ਤਮ ਹੋਣ ਅਤੇ ਕੈਦੀਆਂ ਦੀ ਆਜ਼ਾਦੀ ਦੀ ਸੂਚਨਾ ਦਿੱਤੀ। ਲੰਡਨ ਵਿਚ ਬੀ.ਬੀ.ਸੀ ਲਈ ਕੰਮ ਕਰਦੀ ਰਹੀ ਜਿੱਥੇ ਉਹ ਬੈਲਜੀਅਨ ਪੱਤਰਕਾਰ ਹਿਊਗੋ ਵਾਨ ਡੇ ਪੈਰੇ ਦੇ ਸੰਪਰਕ ਵਿਚ ਆਈ। ਸਲਮਾ ਕਈਸਾਲ ਡੱਚ ਅਤੇ ਬੈਲਜੀਅਮ ਅਖ਼ਬਾਰਾਂ ਤੇ ਟੈਲੀਵੀਜ਼ਨ ਲਈ ਲਿਖਦੀ ਰਹੀ। 15 ਨਵੰਬਰ, 1955 ਸਲਮਾ ਅਤੇ ਹਿਊਗੋ ਦਾ ਵਿਆਹ ਹੋ ਗਿਆ ਤੇਇੱਕ ਵਾਰ ਫੇਰ ਉਸ ਦਾ ਨਾਂ ਬਦਲ ਕੇ ਸਲਮਾ ਵਾਨ ਡੇ ਪੈਰੇ ਹੋ ਗਿਆ ਜੋ ਹੁਣ ਤੱਕ ਕਾਇਮ ਹੈ। 23 ਜੂਨ, 1957 ਨੂੰ ਪੁੱਤਰ ਨੇ ਜਨਮ ਲਿਆ। 28 ਅਗਸਤ, 1979 ਨੂੰ ਹਿਊਗੋ ਦੀ ਮੌਤ ਹੋ ਗਈ। 29 ਜੂਨ, 1983 ਨੂੰ ਨੀਦਰਲੈਂਡ ਦੀ ਰਾਣੀ ਬੀਟ੍ਰਿਕਸ ਦੀ ਤਰਫੋਂ ਡੱਚ ਰਾਜਦੂਤ ਨੇ ਲੰਡਨਵਿਚ ਸਲਮਾ ਨੂੰ ਰਜਿਸਟੈਂਸ ਮੈਮੋਰੀਅਲ ਕਰਾਸ 1940--5 ਨਾਲ ਸਨਮਾਨਤ ਕੀਤਾ। ਹਰੇਕ ਅਪ੍ਰੈਲ ਦੇ ਮਹੀਨੇ ਉਹ ਐਮਸਟਰਡਮ ਜਾ ਕੇਮਾਰੀਆਂ ਗਈਆਂ ਔਰਤਾਂ ਦੀ ਪ੍ਰਥਾਏ ਰੈਵਨਸਬਰੁਕ ਕਮੇਟੀ ਦੀ ਤਰਫੋਂ ਫੁੱਲ ਭੇਟ ਕਰਦੀ ਹੈ।99 ਸਾਲ ਦੀ ਉਮਰ ਵਿਚ ਸਲਮਾ ਗੌਲਫ਼ ਤੇ ਬਰਿੱਜ ਖੇਡਦੀ ਹੈ, ਪੇਂਟਿੰਗ ਦੀਆਂ ਕਲਾਸਾਂ ਲੈਂਦੀ ਹੈ, ਦੋਸਤਾਂ ਰਿਸ਼ਤੇਦਾਰਾਂ ਤੋਂ ਇਲਾਵਾ ਵਿਦੇਸ਼ਾਂ ਦੇਦੌਰੇ ਕਰਦੀ ਹੈ। ਸਲਮਾ ਦੀ ਕਹਾਣੀ ਦਸਦੀ ਹੈ ਕਿ ਅਣਗਿਣਤ ਯਹੂਦੀਆਂ ਅਤੇ ਗ਼ੈਰ ਯਹੂਦੀਆਂ ਨਾਲ ਕੀ ਕੀ ਵਾਪਰਿਆ ਇਹ ਕਿਤਾਬ ਅਣ-ਮਨੁੱਖਤਾ ਦੇ ਖਿਲਾਫ਼ ਜੱਦੋ-ਜਹਿਦ ਦੀ ਗਵਾਹੀ ਹੈ। ਦੂਜੀ ਵਿਸ਼ਵ ਜੰਗ ਦੌਰਾਨ ਹੋਏ ਜ਼ੁਲਮਾਂ ਅਤੇ ਇਨ੍ਹਾਂ ਦੇ ਖਿਲਾਫ਼ ਖੜ੍ਹੇ ਹੋਏ ਬੁਲੰਦ ਹੌਸਲੇ ਵਾਲੇ ਜੁਝਾਰੂ ਲੋਕਾਂ ਦੀ ਯਾਦ ਨੂੰ ਤਾਜ਼ਾ ਰੱਖਣ ਦਾ ਉਪਰਾਲਾ ਹੈ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

## ਅਲਬਰਟਾ ਵਾਲਿਆਂ ਨੂੰ ਵੈਕਸੀਨ ਪਾਸਪੋਰਟ ਦੀ ਲੋੜ ਨਹੀਂ -ਕੈਨੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਉਹ ਕਿਉਬੈਕ ਅਤੇ ਮੈਨਿਟੋਬਾ ਦੀ ਤਰਜ਼ 'ਤੇ ਵੈਕਸਿਨ ਪਾਰਪੋਰਟ ਨਹੀਂ ਬਣਾਉਣਗੇ। ਕਿਉਬੈਕ ਸਰਕਾਰ ਦਾ ਕਹਿਣਾ ਹੈ ਕਿ ਸਤੰਬਰ ਤੋਂ ਕਿਸੇ ਵੀ ਵਿਅਕਤੀ ਵਾਸਤੇ ਸੂਬੇ ਵਿੱਚ ਗ਼ੈਰ-ਜ਼ਰੂਰੀ ਕੰਮ ਲਈ ਉਸ ਖਿੱਤੇ ਵਿੱਚ ਜਾਣ ਲਈ ਉਸ ਕੋਲ ਵੈਕਸਿਨ ਪਾਸਪੋਰਟ ਹੋਣਾ ਲਾਜ਼ਿਮੀ ਰਹੇਗਾ ਜਿੱਥੇ ਕੋਵਿਡ-19 ਦੇ ਕੇਸ ਜ਼ਿਆਦਾ ਹਨ। ਮੈਨਿਟੋਬਾ ਨੇ ਕੋਵਿਡ-19 ਵੈਕਸਿਨ ਦੀ ਦੂਜੀ ਡੋਜ਼ ਲਗਵਾ ਚੁੱਕੇ ਸੂਬਾ ਵਾਸੀਆਂ ਲਈ ਸਬੂਤ ਜਾਰੀ ਕਰਨ ਦਾ ਐਲਾਨ ਕੀਤਾ ਹੈ। ਜਿਹੜੇ ਵਿਅਕਤੀਆਂ ਨੂੰ ਦੋਵੇਂ ਡੋਜ਼ ਲਿਆਂ 2 ਹਫ਼ਤੇ ਹੋ ਗਏ ਹਨ, ਉਹਨਾਂ ਨੂੰ ਇਹ ਸਬੂਤ ਜਾਰੀ ਕੀਤੇ ਜਾ ਰਹੇ ਹਨ। ਪ੍ਰੀਮੀਅਰ ਕੈਨੀ ਨੇ ਕਿਹਾ ਕਿ ਉਹਨਾਂ ਨੇ ਇਹ ਗੱਲ ਪਹਿਲਾਂ ਹੀ ਕਹਿ ਦਿੱਤੀ ਸੀ ਕਿ ਐਲਬਰਟਾ ਵਿਚ ਅਜਿਹਾ ਕੋਈ ਵੈਕਸਿਨ ਪਾਸਪੋਰਟ ਜਾਰੀ ਨਹੀਂ ਕੀਤਾ ਜਾਵੇਗਾ।

## ਵਿਰੋਧੀ ਧਿਰ ਦਾ ਦੋਸ਼ ਐ ਕਿ ਸਰਕਾਰ ਟੈਕਸ ਪੇਅਰਜ਼ ਦੀ ਰਕਮ ਆਪਣੀ ਚੋਣ ਜਿੱਤਣ ਲਈ ਖ਼ਰਚ ਕਰ ਰਹੀ ਹੈ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਫੈਡਰਲ ਲਿਬਰਲ ਸੰਸਦ ਮੈਂਬਰਾਂ ਨੇ ਵਿਰੋਧੀ ਧਿਰਾਂ ਦੀ ਉਸ ਮੰਗ ਨੂੰ ਠੁਕਰਾ ਦਿੱਤਾ ਹੈ ਜਿਸ ਵਿੱਚ ਉਹਨਾਂ ਵੱਲੋਂ ਕਿਹਾ ਜਾ ਰਿਹਾ ਸੀ ਕਿ ਪਾਰਟੀ ਦੇ ਇੱਕ ਕੈਂਪੇਨ ਨੀਤੀਘਾੜੇ ਕੋਲੋਂ ਪੁੱਛਗਿਛ ਕੀਤੀ ਜਾਵੇ ਤਾਂ ਕਿ ਪਤਾ ਲੱਗ ਸਕੇ ਕਿ ਲਿਬਰਲ ਸੰਸਦ ਮੈਂਬਰਾਂ ਦੇ ਟੈਕਸ-ਪੇਅਰਜ਼ ਬਜਟ ਵਿੱਚੋਂ ਕਿੰਨੀ ਰਕਮ ਆਈ ਟੀ ਕੌਂਟ੍ਰੈਕਟਸ ਵਾਸਤੇ ਜਾਰੀ ਕੀਤੀ ਗਈ ਹੈ। ਢਾਈ ਘੰਟੇ ਚੱਲੀ ਮੀਟਿੰਗ ਮਗਰੋਂ ਕਮੇਟੀ ਦੀ ਮੁਖੀ ਲਿਬਰਲ ਸੰਸਦ ਮੈਂਬਰ ਬ੍ਰੈਂਡਾ ਸ਼ੈਨਾਹਨ ਨੇ ਅਚਾਨਕ ਮੀਟਿੰਗ ਬਰਖਾਸਤ ਕਰ ਦਿੱਤੀ। ਉਸੇ ਵੇਲੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦੇ ਦੋਸਤ ਅਤੇ ਟੌਮ ਪਿਟਫੀਲਡ ਨੂੰ ਸੱਦਿਆ ਗਿਆ ਸੀ ਕਿ ਉਹ ਕਮੇਟੀ ਅੱਗੇ ਪੇਸ਼ ਹੋ ਕੇ ਜਾਣਕਾਰੀ ਦੇਣ। ਸਾਲ 2015 ਅਤੇ 2019 ਵਿੱਚ ਪਿਟਫੀਲਡ ਨੇ ਲਿਬਰਲ ਪਾਰਟੀ ਦੇ ਡਿਜਿਟਲ ਔਪਰੇਸ਼ਨਜ਼ ਦੀ ਦੇਖਰੇਖ ਕੀਤੀ ਸੀ। ਵਿਰੋਧੀ ਧਿਰਾਂ ਨੇ ਦੋਸ਼ ਲਗਾਇਆ ਹੈ ਕਿ ਸਰਕਾਰ ਟੈਕਸ ਪੇਅਰਜ਼ ਦੀ ਰਕਮ ਆਪਣੀ ਚੋਣ ਜਿੱਤਣ ਲਈ ਖ਼ਰਚ ਕਰ ਰਹੀ ਹੈ ਤੇ ਜਾਂਚ ਵੀ ਨਹੀਂ ਹੋਣ ਦੇ ਰਹੀ।


NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
"Online" prices in store!
Complete Eyewear, Contact lenses and Sunglasses!
Unbeatable Price!
For more info call:
Sandeep Pandher
MANAGER
at 403-999-2500



# ਦਲੀਪ ਸਿੰਘ ਵਾਸਨ ਦੀ ਪੁਸਤਕ ਜੀਵਨ ਇੱਕ ਸੱਚਾਈ: ਜੀਵਨ ਦੀ ਜਾਚ ਦੀ ਪ੍ਰਤੀਕ




ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072




**ਆਪਣੇ ਪੈਰਾਂ 'ਤੇ ਆਪ ਖੜ੍ਹਨ ਦੀ ਕੋਸ਼ਿਸ਼ ਕਰੋ। ਕਿਸੇ ਨੂੰ ਧੋਖਾ ਨਾ ਦਿਓ, ਜੇਕਰ ਤੁਸੀਂ ਆਪ ਧੋਖਾ ਦਿਓਗੇ ਤਾਂ ਦੂਜਿਆਂ ਤੋਂ ਵੀ ਧੋਖਾ ਹੀ ਲਵੋਂਗੇ। ਨਫ਼ਰਤ ਨਾ ਕਰੋ ਕਿਉਂਕਿ ਦੂਜੇ ਵੀ ਤੁਹਾਡਾ ਜਵਾਬ ਨਫ਼ਰਤ ਨਾਲ ਹੀ ਦੇਣਗੇ। ਬੁਰਾ ਕਰਕੇ ਚੰਗੇ ਦੀ ਆਸ ਰੱਖਣਾ ਮੂਰਖਤਾ ਹੈ। ਕਿਸੇ ਦੀ ਜ਼ਿਆਦਤੀ ਨੂੰ ਬਰਦਾਸ਼ਤ ਨਾ ਕਰੋ ਪ੍ਰੰਤੂ ਜੇ ਕਿਸੇ ਦੀਆਂ ਆਦਤਾਂ ਤੁਹਾਡੇ ਨਾਲ ਨਹੀਂ ਮਿਲਦੀਆਂ ਤਾਂ ਉਨ੍ਹਾਂ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ। ਬੇਇਨਸਾਫ਼ੀ ਨੂੰ ਸਹਿਣ ਨਾ ਕਰੋ, ਇਨਸਾਫ ਦਿਓ ਅਤੇ ਲਓ। ਅਜਿਹੇ ਕੰਮ ਕਰੋ, ਜਿਨ੍ਹਾਂ ਕਰਕੇ ਸਮਾਜ ਤੁਹਾਨੂੰ ਪ੍ਰਵਾਨ ਕਰੇ। ਸਫਾਈ ਰੱਖੋ, ਤੰਦਰੁਸਤ ਰਹੋ, ਵਿਦਿਆ ਪ੍ਰਾਪਤ ਕਰੋ, ਆਪਣੇ ਗੁਜ਼ਾਰੇ ਦਾ ਆਪ ਪ੍ਰਬੰਧ ਕਰੋ ਅਤੇ 25 ਸਾਲ ਤੋਂ ਪਹਿਲਾਂ ਸ਼ਾਦੀ ਨਾ ਕਰੋ।**

ਦਲੀਪ ਸਿੰਘ ਵਾਸਨ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗੂੜ੍ਹ ਗਿਆਨ ਰੱਖਣ ਵਾਲਾ ਬਹੁਪੱਖੀ, ਬਹੁਮੰਤਵੀ ਅਤੇ ਸਰਬਕਲਾ ਸੰਪੂਰਨ ਵਿਦਵਾਨ ਇਨਸਾਨ ਹੈ। ਉਨ੍ਹਾਂ ਦੀਆਂ ਰਚਨਾਵਾਂ ਸੱਚਾਈ ਅਤੇ ਸਾਰਥਿਕਤਾ ਦਾ ਪ੍ਰਮਾਣ ਹਨ। ਉਹ ਜਿਹੋ ਜਹੇ ਬਾਹਰੋਂ ਹਨ, ਉਹੋ ਜਹੇ ਹੀ ਅੰਦਰੋਂ ਹਨ। ਕੋਈ ਮੁਲੰਮਾ ਨਹੀਂ। ਸਾਦਾ ਅਤੇ ਸਰਲ ਜੀਵਨ ਬਤੀਤ ਕਰਦੇ ਹਨ। ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਹ ਜਿਤਨੇ ਵੱਡੇ ਇਨਸਾਨ ਅਤੇ ਵਿਦਵਾਨ ਹਨ, ਉਤਨੀ ਹੀ ਸਰਲ ਭਾਸ਼ਾ ਅਤੇ ਸ਼ੈਲੀ ਵਿਚ ਜੀਵਨ ਦੀ ਵਿਚਾਰਧਾਰਾ ਨੂੰ ਅਜਿਹੇ ਢੰਗ ਨਾਲ ਲਿਖਦੇ ਹਨ ਕਿ ਉਨ੍ਹਾਂ ਦੇ ਹਰ ਸ਼ਬਦ ਨੂੰ ਪਾਠਕ ਪੱਲੇ ਬੰਨ੍ਹਣ ਦਾ ਪ੍ਰਣ ਕਰ ਲੈਂਦਾ ਹੈ। ਵੈਸੇ ਤਾਂ ਉਨ੍ਹਾਂ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ 50 ਤੋਂ ਵੱਧ ਪੁਸਤਕਾਂ ਲਿਖੀਆਂ ਪ੍ਰੰਤੂ ਅੱਜ ਮੈਂ ਉਨ੍ਹਾਂ ਦੀ ਲੇਖਾਂ ਦੀ ਪੁਸਤਕ 'ਜੀਵਨ ਇਕ ਸੱਚਾਈ' ਬਾਰੇ ਪਾਠਕਾਂ ਨੂੰ ਜਾਣਕਾਰੀ ਦੇਵਾਂਗਾ। ਇਸ ਪੁਸਤਕ ਵਿਚ ਛੋਟ-ਛੋਟੇ 55 ਲੇਖ ਹਨ ਪ੍ਰੰਤੂ ਹਰ ਲੇਖ ਆਪਣੇ ਆਪ ਵਿਚ ਇਕ ਅਟੱਲ ਸਚਾਈ ਬਾਰੇ ਬਹੁਮੁਲੀ ਮੁਕੰਮਲ ਜਾਣਕਾਰੀ ਦਿੰਦਾ ਹੈ। ਭਾਵੇਂ ਸਰਸਰੀ ਤੌਰ ਤੇ ਪਾਠਕ ਨੂੰ ਇਹ ਨਿੱਕੀਆਂ-ਨਿੱਕੀਆਂ ਗੱਲਾਂ ਬਹੁਤੀਆਂ ਪਸੰਦ ਨਾ ਆਉਣ ਪ੍ਰੰਤੂ ਜੇਕਰ ਤੁਸੀਂ ਉਨ੍ਹਾਂ ਤੇ ਅਮਲ ਕਰੋਗੇ ਤਾਂ ਸਫਲਤਾ ਤੁਹਾਡੇ ਪੈਰ ਚੁੰਮੇਗੀ। ਇਸ ਪੁਸਤਕ ਦਾ ਪਹਿਲਾ ਹੀ ਲੇਖ 'ਝੂਠ ਦਾ ਦਾਇਰਾ' ਬੜਾ ਦਿਲਚਸਪ ਹੈ, ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਜੀਵਨ ਦਾ ਆਧਾਰ ਝੂਠ ਹੈ। ਕੋਈ ਵੀ ਇਨਸਾਨ ਪੂਰਾ ਸੱਚ ਨਹੀਂ ਬੋਲਦਾ। ਜਿਹੜੇ ਸੱਚ ਬੋਲਣ ਦੀ ਨਸੀਹਤ ਦੇ ਰਹੇ ਹੁੰਦੇ ਹਨ, ਉਹ ਵੀ ਝੂਠ ਬੋਲ ਰਹੇ ਹੁੰਦੇ ਹਨ। ਇਹ ਠੀਕ ਹੈ ਕਿ ਝੂਠ ਮੁਸੀਬਤਾਂ ਖੜ੍ਹੀਆਂ ਕਰਦਾ ਹੈ ਕਿਉਂਕਿ ਇਕ ਝੂਠ ਨੂੰ ਛੁਪਾਉਣ ਲਈ ਅਨੇਕ ਝੂਠ ਬੋਲਣੇ ਪੈਂਦੇ ਹਨ। ਝੂਠ ਨਾਲ ਨੁਕਸਾਨ ਹੁੰਦਾ ਹੈ, ਇਸ ਲਈ ਉਹ ਝੂਠ ਦਾ ਦਾਇਰਾ ਘਟਾਉਣ ਦੀ ਗੱਲ ਕਰਦੇ ਹਨ। ਅਗਲੇ ਲੇਖਾਂ ਵਿਚ ਉਹ ਸਲਾਹ ਦਿੰਦੇ ਹਨ ਕਿ ਜ਼ਿੰਦਗੀ ਵਿਚ ਚੰਗੇ ਕੰਮ ਤਾਂ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਜੋ ਸਮਾਜ ਦਾ ਭਲਾ ਹੋ ਸਕੇ। ਉਹ ਲਿਖਦੇ ਹਨ ਕਿ ਸੁਪਨੇ ਲੈਣੇ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਚੁਣੌਤੀਆਂ ਕਬੂਲ ਕਰਨੀਆਂ ਚਾਹੀਦੀਆਂ ਹਨ ਤਾਂ ਹੀ ਸਫਲਤਾ ਮਿਲੇਗੀ। ਸਰੀਰ ਤੰਦਰੁਸਤ ਰੱਖੋ, ਦਿਲ ਤੇ ਦਿਮਾਗ ਤੇ ਕਾਬੂ ਕਰੋ ਅਤੇ ਕਸਰਤ ਕਰੋ ਤਾਂ ਹੀ ਚੰਗਾ ਸੋਚ ਸਕੋਗੇ। ਆਪਣੇ ਕਈ ਨਿਸ਼ਾਨੇ ਜ਼ਰੂਰ ਨਿਸਚਤ ਕਰੋ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ। ਜਿਤਨਾ ਵੀ ਨਿਸ਼ਾਨਾ ਪੂਰਾ ਹੋ ਜਾਵੇ ਉਥੇ ਹੀ ਸੰਤੁਸ਼ਟੀ ਕਰੋ। ਚੰਗੀਆਂ ਆਦਤਾਂ ਬਣਾਓ ਤਾਂ ਹੀ ਤੁਹਾਡੀ ਪਛਾਣ ਬਣੇਗੀ। ਤੁਹਾਡੇ ਬੱਚੇ ਵੀ ਤੁਹਾਡੀਆਂ ਚੰਗੀਆਂ ਆਦਤਾਂ ਨੂੰ ਗ੍ਰਹਿਣ ਕਰਨਗੇ। ਕਿਸੇ ਦੂਜੇ ਵਿਅਕਤੀ 'ਤੇ ਨਿਰਭਰ ਹੋਣਾ ਮੰਗਤਾ ਬਣਨ ਦੇ ਬਰਾਬਰ ਹੈ। ਉਹ ਡੇਰੇਦਾਰ ਧਾਰਮਿਕ ਵਿਅਕਤੀਆਂ ਨੂੰ ਮੰਗਤੇ ਕਹਿੰਦੇ ਹਨ, ਜਿਹੜੇ ਦੂਜਿਆਂ ਦੀ ਕਮਾਈ ਖਾਂਦੇ ਹਨ। ਚਾਦਰ ਵੇਖਕੇ ਪੈਰ ਪਸਾਰਨ ਦੀ ਨਸੀਹਤ ਦਿੰਦੇ ਹਨ। ਆਪਣੇ ਪੈਰਾਂ 'ਤੇ ਆਪ ਖੜ੍ਹਨ ਦੀ ਕੋਸ਼ਿਸ਼ ਕਰੋ। ਕਿਸੇ ਨੂੰ ਧੋਖਾ ਨਾ ਦਿਓ, ਜੇਕਰ ਤੁਸੀਂ ਆਪ ਧੋਖਾ ਦਿਓਗੇ ਤਾਂ ਦੂਜਿਆਂ ਤੋਂ ਵੀ ਧੋਖਾ ਹੀ ਲਵੋਂਗੇ। ਨਫਰਤ ਨਾ ਕਰੋ ਕਿਉਂਕਿ ਦੂਜੇ ਵੀ ਤੁਹਾਡਾ ਜਵਾਬ ਨਫਰਤ ਨਾਲ ਹੀ ਦੇਣਗੇ। ਬੁਰਾ ਕਰਕੇ ਚੰਗੇ ਦੀ ਆਸ ਰੱਖਣਾ ਮੂਰਖਤਾ ਹੈ। ਕਿਸੇ ਦੀ ਜ਼ਿਆਦਤੀ ਨੂੰ ਬਰਦਾਸ਼ਤ ਨਾ ਕਰੋ ਪ੍ਰੰਤੂ ਜੇ ਕਿਸੇ ਦੀਆਂ ਆਦਤਾਂ ਤੁਹਾਡੇ ਨਾਲ ਨਹੀਂ ਮਿਲਦੀਆਂ ਤਾਂ ਉਨ੍ਹਾਂ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ। ਬੇਇਨਸਾਫ਼ੀ ਨੂੰ ਸਹਿਣ ਨਾ ਕਰੋ, ਇਨਸਾਫ ਦਿਓ ਅਤੇ ਲਓ। ਅਜਿਹੇ ਕੰਮ ਕਰੋ, ਜਿਨ੍ਹਾਂ ਕਰਕੇ ਸਮਾਜ ਤੁਹਾਨੂੰ ਪ੍ਰਵਾਨ ਕਰੇ। ਸਫਾਈ ਰੱਖੋ, ਤੰਦਰੁਸਤ ਰਹੋ, ਵਿਦਿਆ ਪ੍ਰਾਪਤ ਕਰੋ, ਆਪਣੇ ਗੁਜ਼ਾਰੇ ਦਾ ਆਪ ਪ੍ਰਬੰਧ ਕਰੋ ਅਤੇ 25 ਸਾਲ ਤੋਂ ਪਹਿਲਾਂ ਸ਼ਾਦੀ ਨਾ ਕਰੋ। ਉਨ੍ਹਾਂ ਦੀ ਕਮਾਲ ਇਸ ਗੱਲ ਵਿਚ ਹੈ ਕਿ ਇਹ ਨਸੀਹਤਾਂ ਉਹ ਉਦਾਹਰਨਾ ਦੇ ਕੇ ਕਰਦੇ ਹਨ। ਆਪਣਾ ਨਾਮ ਕਮਾਉਣ ਲਈ ਹਉਮੈ ਦਾ ਸ਼ਿਕਾਰ ਨਾ ਹੋਵੋ। ਸਮਾਜ ਤੁਹਾਡੇ ਬਾਰੇ ਸਭ ਕੁਝ ਜਾਣਦਾ ਹੁੰਦਾ ਹੈ। ਇਨਸਾਨੀਅਤ ਦੀ ਬਿਹਤਰੀ ਲਈ ਕੰਮ ਕਰੋ। ਸਵੈ ਮਾਣ ਨਾਲ ਜੀਵਨ ਜਿਓਣਾ ਸਿੱਖੋ। ਹੀਣਤਾ ਦੀ ਭਾਵਨਾ ਨੂੰ ਤਿਲਾਂਜਲੀ ਦਿਓ। ਇਨਸਾਨ ਸਾਰੇ ਬਰਾਬਰ ਹਨ। ਸਾਰੇ ਧਰਮ ਬਰਾਬਰ ਹਨ। ਬਹੁਤਾ ਧਰਮੀ ਬਣਨ ਨਾਲੋਂ ਚੰਗੇ ਨਾਗਰਿਕ ਬਣੋ। ਧਾਰਮਿਕ ਸਥਾਨਾ ਵਿਚ ਸਭ ਅੱਛਾ ਨਹੀਂ। ਧਾਰਮਿਕ ਗ੍ਰੰਥ ਪੜ੍ਹੋ ਪ੍ਰੰਤੂ ਧਾਰਮਿਕ ਵਿਚੋਲਿਆਂ ਤੋਂ ਬਚਕੇ ਰਹੋ ਕਿਉਂਕਿ ਧਾਰਮਿਕ ਸਥਾਨ ਨਿਰਾਸ਼ਾ ਦੂਰ ਕਰਨ ਦੇ ਬਹਾਨੇ ਲੁੱਟ ਕਰ ਰਹੇ ਹਨ। ਧਰਮੀ ਬਣ ਸਕਦੇ ਹੋ ਬਸ਼ਰਤੇ ਕੱਟੜ ਨਾ ਬਣੋ। ਜੀਵਨ ਸਾਥੀ ਨਾਲ ਰਹਿਣਾ ਸਿੱਖੋ ਫਿਰ ਤੁਹਾਡਾ ਜੀਵਨ ਏਥੇ ਹੀ ਸਵਰਗ ਬਣ ਜਾਵੇਗਾ। ਏਥੇ ਹੀ ਸਵਰਗ ਨਰਕ ਹੈ। ਤੁਹਾਡੇ ਕੰਮਾ ਦਾ ਫਲ ਇਥੇ ਹੀ ਮਿਲ ਜਾਂਦਾ ਹੈ। ਚਿੰਤਾ ਨਾ ਕਰੋ ਕਿਉਂਕਿ ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ। ਸੰਘਰਸ਼ ਦਾ ਨਾਮ ਜ਼ਿੰਦਗੀ ਹੈ। ਚੰਗੇ ਤੇ ਮਾੜੇ ਦਿਨ ਸਥਾਈ ਨਹੀਂ ਹੁੰਦੇ। ਹੌਸਲਾ ਰੱਖੋ ਚੰਗਾ ਅਤੇ ਮਾੜਾ ਸਮਾਂ ਆਉਂਦਾ ਜਾਂਦਾ ਰਹਿੰਦਾ ਹੈ। ਰੱਬ ਕੋਲ ਬਹੁਤੀਆਂ ਮੰਗਾਂ ਨਾ ਰੱਖੋ। ਰੱਬ 'ਤੇ ਵਿਸ਼ਵਾਸ਼ ਕਰੋ, ਉਹ ਤੁਹਾਡੇ ਅੰਦਰ ਹੈ। ਸਬਰ ਸੰਤੋਖ਼ ਦਾ ਪੱਲਾ ਫੜੋ। ਕਾਬਲੀਅਤ ਦਾ ਹਮੇਸ਼ਾ ਮੁੱਲ ਪੈਂਦਾ ਹੈ। ਰੱਬ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਅਮੀਰਾਂ ਨੂੰ ਨੀਂਦ ਨਹੀਂ ਆਉਂਦੀ, ਗ਼ਰੀਬਾਂ ਨੂੰ ਨੀਂਦ ਦੇ ਗੱਫੇ ਮਿਲਦੇ ਹਨ। ਚੋਣ ਤੁਸੀਂ ਕਰਨੀ ਹੈ। ਤਰੱਕੀ ਕਰਨੀ ਚਾਹੀਦੀ ਹੈ ਪ੍ਰੰਤੂ ਕਿਸੇ ਹੋਰ ਦੀ ਕੀਮਤ 'ਤੇ ਨਹੀਂ। ਕਿਸੇ ਨੂੰ ਨੀਂਵਾਂ ਨਾ ਵਿਖਾਓ। ਆਤਮ ਹੱਤਿਆ ਕਰਨੀ ਰੱਬ ਨੂੰ ਠੋਕਰ ਮਾਰਨ ਬਰਾਬਰ ਹੈ। ਚੁਗਲੀ ਨਹੀਂ ਕਰਨੀ ਚਾਹੀਦੀ ਕਿਉਂਕਿ ਚੁਗਲਖ਼ੋਰ ਬਾਰੇ ਚੁਗਲੀ ਸਣਨ ਵਾਲੇ ਵੀ ਜਾਣਦੇ ਹੁੰਦੇ ਹਨ। ਆਪਣੇ ਮਨ ਸਾਫ਼ ਰੱਖੋ, ਵਿਖਾਵਾ ਅੰਦਰੋਂ ਖ਼ੁਸ਼ੀ ਨਹੀਂ ਦਿੰਦਾ। ਗ਼ਮ ਮਨ ਸਾਫ਼ ਰੱਖਣ ਨਾਲ ਦੂਰ ਹੋ ਜਾਂਦੇ ਹਨ। ਜੀਵਨ ਦਾ ਆਨੰਦ ਮਾਣੋ, ਇਹ ਮੁੜਕੇ ਨਹੀਂ ਆਉਣਾ। ਨਸ਼ੇ ਵਕਤੀ ਤੌਰ ਤੇ ਗ਼ਮ ਭੁਲਾ ਦਿੰਦੇ ਹਨ ਪ੍ਰੰਤੂ ਹੋਰ ਗ਼ਮ ਲਾ ਦਿੰਦੇ ਹਨ। ਪੈਸਾ ਜ਼ਿੰਦਗੀ ਬਸਰ ਕਰਨ ਲਈ ਜ਼ਰੂਰੀ ਹੈ ਪ੍ਰੰਤੂ ਭਰਿਸ਼ਟਾਚਾਰ ਨਾਲ ਕੀਤੀ ਕਮਾਈ ਮੁਸੀਬਤਾਂ ਖੜ੍ਹੀਆਂ ਕਰਦੀ ਹੈ। ਨੇਕ ਕਮਾਈ ਸੰਤੁਸ਼ਟੀ ਦਿੰਦੀ ਹੈ। ਲੇਖਕ ਇਸਤਰੀਆਂ ਨੂੰ ਸਲਾਹ ਵੀ ਦਿੰਦਾ ਹੈ ਕਿ ਉਨ੍ਹਾਂ ਨੂੰ ਨੂੰਹਾਂ ਨੂੰ ਆਪਣੀਆਂ ਧੀਆਂ ਦੀ ਤਰ੍ਹਾਂ ਰੱਖਣਾ ਚਾਹੀਦਾ ਹੈ ਕਿਉਂਕਿ ਉਹ ਆਪਣਾ ਪੇਕਿਆਂ ਦਾ ਘਰ ਛੱਡਕੇ ਤੁਹਾਡੇ ਘਰ ਨੂੰ ਨਿਹਾਰਨ ਆਉਂਦੀਆਂ ਹਨ। ਬੁਢਾਪੇ ਵਿਚ ਵੀ ਉਸਨੇ ਹੀ ਤੁਹਾਡਾ ਸਾਥ ਦੇਣਾ ਹੈ। ਨੂੰਹਾਂ ਨੂੰ ਵੀ ਸਦਭਾਵਨਾ ਅਤੇ ਪ੍ਰੇਮ ਪਿਆਰ ਨਾਲ ਵਿਚਰਨਾ ਚਾਹੀਦਾ। ਕਦੀ ਵੀ ਹਾਰ ਨੂੰ ਸਵੀਕਾਰ ਨਾ ਕਰੋ ਕਿਉਂਕਿ ਹਾਰ ਕਮਜ਼ੋਰੀ ਅਤੇ ਨਿਰਾਸ਼ਾ ਪੈਦਾ ਕਰਦੀ ਹੈ। ਮੈਂ ਅਤੇ ਅਸੀਂ ਦਾ ਅੰਤਰ ਦਸਦੇ ਹੋਏ ਵਾਸਨ ਸਾਹਿਬ ਮੁਕਾਬਲਾ ਕਰਨ ਲਈ ਮੈਂ ਨੂੰ ਤਾਕਤਵਰ ਮੰਨਦੇ ਹਨ। ਗ਼ੁਰਬਤ ਦੇ ਕਾਰਨ ਲੱਭੋ, ਫਿਰ ਉਨ੍ਹਾਂ ਨੂੰ ਕਿਵੇਂ ਦੂਰ ਕਰਨਾ ਹੈ? ਗ਼ੁਰਬਤ ਅਰਥਾਤ ਗ਼ਰੀਬੀ 'ਚੋਂ ਮਿਹਨਤ ਨਾਲ ਬਾਹਰ ਨਿਕਲਣਾ ਚਾਹੀਦਾ ਹੈ। ਉਹ ਇਹ ਵੀ ਲਿਖਦੇ ਹਨ ਕਿ ਇਨਸਾਨ ਬਨਾਉਟੀ ਅਰਥਾਤ ਦੋਗਲਾ ਜੀਵਨ ਬਤੀਤ ਕਰ ਰਿਹਾ ਹੈ। ਬਾਹਰੋਂ ਅੰਦਰੋਂ ਇਕ ਨਹੀਂ ਹੁੰਦਾ। ਕਈ ਵਾਰ ਇਨਸਾਨ ਪੁਰਾਣੀਆਂ ਗੱਲਾਂ ਯਾਦ ਕਰਕੇ ਝੂਰਨ ਲੱਗ ਜਾਂਦਾ ਹੈ। ਪੁਰਾਣੀਆਂ ਖ਼ੁਸ਼ ਕਰਨ ਵਾਲੀਆਂ ਗੱਲਾਂ ਯਾਦ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਪਣੇ ਘਰਾਂ ਦੇ ਜ਼ਰੂਰੀ ਕਾਗ਼ਜ਼ਾਤ ਜਿਵੇਂ ਸਰਟੀਫੀਕੇਟ, ਰਾਸ਼ਣ ਕਾਰਡ, ਆਧਾਰ ਕਾਰਡ ਆਦਿ ਖ਼ੁਦ ਸੰਭਾਲਕੇ ਕਿਸੇ ਟਿਕਾਣੇ ਤੇ ਰੱਖੋ ਤਾਂ ਜੋ ਲੋੜ ਪੈਣ ਤੇ ਤੁਰੰਤ ਲੱਭੇ ਜਾ ਸਕਣ। ਜਨਮ ਦਿਨ ਮਨਾਉਣ ਸੰਬੰਧੀ ਉਹ ਕਹਿੰਦੇ ਹਨ ਕਿ ਇਸ ਦਿਨ ਇਨਸਾਨ ਨੂੰ ਆਪਣੇ ਅੰਦਰ ਝਾਤੀ ਮਾਰਕੇ ਆਤਮ ਨਿਰੀਖਣ ਕਰਨਾ ਚਾਹੀਦਾ ਕਿ ਅਸੀਂ ਕੀ ਚੰਗਾ ਤੇ ਮਾੜਾ ਕੰਮ ਕਰ ਰਹੇ ਹਾਂ। ਅੱਗੇ ਵਾਸਤੇ ਆਪਣੇ ਆਪ ਨੂੰ ਸੁਧਾਰਨ ਦਾ ਪ੍ਰਬੰਧ ਕਰੋ। ਅਗਲੇ ਸਾਲ ਦਾ ਪ੍ਰੋਗਰਾਮ ਬਣਾ ਲਓ ਕਿ ਕੀ ਕਰਨਾ ਹੈ? ਦਿਮਾਗ਼ ਤੇ ਬਹੁਤਾ ਬੋਝ ਨਾ ਪਾਓ। ਹਰ ਗੱਲ ਤੇ ਤੁਰੰਤ ਰੀਐਕਟ ਨਾ ਕਰੋ। ਸਮੱਸਿਆਵਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਇਨਸਾਨ ਨੂੰ ਉਮਰ ਮੁਤਾਬਕ ਸਮਾਜ ਵਿਚ ਵਿਵਹਾਰ ਅਤੇ ਵਿਚਾਰ ਪ੍ਰਗਟ ਕਰਨੇ ਚਾਹੀਦੇ ਹਨ। ਬਟਵਾਰੇ ਦੇ ਦਰਦ ਦਾ ਵੀ ਇਜ਼ਹਾਰ ਕੀਤਾ ਹੈ। ਉਨ੍ਹਾਂ ਇਹ ਵੀ ਦੱਸਿਆ ਹੈ ਕਿ ਸਾਡਾ ਇਤਿਹਾਸ ਸਹੀ ਜਾਣਕਾਰੀ ਨਹੀਂ ਦਿੰਦਾ। ਦਲੀਪ ਸਿੰਘ ਵਾਸਨ ਦਾਨ ਕਰਨ ਨੂੰ ਪਾਪ ਸਮਝਦੇ ਹਨ, ਸਗੋਂ ਕਿਸੇ ਲੋੜਮੰਦ ਦੀ ਮਦਦ ਕਰਨਾ ਪੁੰਨ ਹੁੰਦਾ ਹੈ। ਦਾਨ ਉਪਰ ਵਿਹਲੜ ਪਲਦੇ ਹਨ। ਨੈਤਿਕਤਾ ਖ਼ਤਮ ਹੁੰਦੀ ਜਾ ਰਹੀ ਹੈ। ਦੁਰਘਟਨਾਵਾਂ ਦੇ ਸ਼ਿਕਾਰ ਸੜਕਾਂ ਰੁਲਦੇ ਹਨ, ਲੋਕ ਉਨ੍ਹਾਂ ਦੇ ਕੋਲੋਂ ਲੰਘੀ ਜਾਂਦੇ ਹਨ। ਪ੍ਰੇਮ ਵਿਆਹ ਮਾੜੇ ਨਹੀਂ ਪ੍ਰੰਤੂ ਪ੍ਰੇਮ ਵਿਚ ਅੰਤਰਜ਼ਾਤੀ ਵਿਆਹ ਬਹੁਤੇ ਸਭਿਆਚਾਰ ਦੇ ਵਖਰੇਵੇਂ ਕਰਕੇ ਸਫ਼ਲ ਨਹੀਂ ਹੁੰਦੇ। ਸਾਡੇ ਸਮਾਜ ਵਿਚ ਪੁੱਤਰ ਨੂੰ ਵਿਰਾਸਤ ਦਾ ਵਾਰਸ ਸਮਝਕੇ ਖ਼ੁਸ਼ੀ ਮਨਾਈ ਜਾਂਦੀ ਹੈ ਪ੍ਰੰਤੂ ਬੁਢਾਪੇ ਵਿਚ ਪੁੱਤਰ ਬਜ਼ੁਰਗਾਂ ਨਾਲ ਚੰਗਾ ਵਿਵਹਾਰ ਨਹੀਂ ਕਰਦੇ। ਲੇਖਕ ਅਨੁਸਾਰ ਲੋਭ, ਕਾਮ, ਕਰੋਧ, ਮੋਹ ਅਤੇ ਹੰਕਾਰ ਬਹੁਤੇ ਹੋਣ ਤਾਂ ਬੁਰੇ ਹਨ ਪ੍ਰੰਤੂ ਇਨ੍ਹਾਂ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਕਾਮ ਉਤਪਤੀ ਦਾ ਸਾਧਨ, ਕ੍ਰੋਧ ਤੋਂ ਅਨੁਸ਼ਾਸ਼ਨ, ਮੋਹ ਤੋਂ ਮੁਹੱਬਤ, ਲੋਭ ਤੋਂ ਮੁਕਾਬਲੇ ਦੀ ਰੁਚੀ ਅਤੇ ਅਹੰਕਾਰ ਤੋਂ ਸਫ਼ਲਤਾ ਪ੍ਰਾਪਤ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਇਨ੍ਹਾਂ ਦੀ ਮਿਕਦਾਰ ਘਟਾਈ ਵਧਾਈ ਜਾ ਸਕਦੀ ਹੈ।




## ਸਾਂਝਾ ਵਿਰਸਾ

# "ਤੰਦੂਰ ਤੇ ਰੋਟੀਆਂ ਪਕਾਉਣ ਲਈ ਵੀ ਵਾਰੀ ਦੀ ਉਡੀਕ ਰਹਿੰਦੀ ਸੀ ਕਿਸੇ ਸਮਿਆਂ ਚ"




95691-49556
ਸ੍ਰੀ ਮੁਕਤਸਰ ਸਾਹਿਬ







ਜੇਕਰ ਪੁਰਾਤਨ ਪੰਜਾਬ ਦੀ ਗੱਲ ਕਰੀਏ ਤਾਂ ਕੋਈ ਸਮਾਂ ਇਹੋ ਜਿਹਾ ਵੀ ਰਿਹਾ ਹੈ ਪੰਜਾਬ ਵਿੱਚ ਕਿ ਸਵਾਣੀਆਂ ਨੂੰ ਤੰਦੂਰ ਦੀ ਰੋਟੀ ਪਕਾਉਣ ਲਈ ਵੀ ਵਾਰੀ ਦੀ ਉਡੀਕ ਕਰਨੀ ਪੈਂਦੀ ਸੀ।ਹੋਊਗੀ ਕੋਈ ਇਹ ਸੱਤਰਵੇਂ ਅਤੇ ਅੱਸੀਵੇਂ ਦਹਾਕੇ ਦੇ ਦਰਮਿਆਨ ਦੀ ਗੱਲ। ਕਈ ਪਿੰਡਾ ਦੀਆ ਭੀੜੀਆਂ ਗਲੀਆਂ ਦੇ ਵਿੱਚ ਇੱਕ ਜਾਂ ਦੋ ਤੰਦੂਰ ਹੀ ਹੋਇਆ ਕਰਦੇ ਸਨ, ਜਿਨ੍ਹਾਂ ਤੇ ਸਾਰੀ ਗਲੀ ਦੀਆਂ ਸਵਾਣੀਆਂ ਹੀ ਰੋਟੀ ਪਕਾਇਆ ਕਰਦੀਆਂ ਸਨ।

ਓਨਾਂ ਸਮਿਆਂ ਵਿੱਚ ਸਰੋਂ ਪਿੰਡਾਂ ਵਿੱਚ ਆਮ ਬੀਜੀ ਜਾਂਦੀ ਰਹੀ ਹੈ ਖਾਲਸ ਸਰੋਂ ਦੇ ਖੇਤ ਭਾਵੇਂ ਘੱਟ ਸਨ ਪਰ ਕਣਕ ਦੇ ਵਿੱਚ ਓਲੀਆਂ ਵਿੱਚ ਆਮ ਹੀ ਸਰੋਂ ਹਰ ਕਿਰਸਾਨੀ ਕਿੱਤਾ ਕਰਨ ਵਾਲਾ ਘਰ ਬੀਜਿਆ ਕਰਦਾ ਸੀ,ਇੱਕ ਤਾਂ ਘਰ ਦੀ ਘਾਣੀ ਘਢਾ ਕੇ ਸਰੋਂ ਦਾ ਖਾਲਸ ਤੇਲ ਬਣ ਜਾਣਾ, ਸਰੋਂ ਦਾ ਸਾਗ ਗੰਦਲਾਂ ਤੋੜ ਕੇ ਕੁੱਜੇ ਵਿੱਚ ਵੱਡੀ ਬੇਬੇ ਨੇ ਬਣਾ ਲੈਣਾ ਜੋ ਮੂੰਹੋਂ ਨਹੀਂ ਸੀ ਲਹਿੰਦਾ ਭਾਵ ਬਹੁਤ ਸਵਾਦ ਹੁੰਦਾ ਸੀ।ਤੇ ਤੀਜਾ ਕੰਮ ਓਸੇ ਸਰੋਂ ਦੇ ਫੋਕ ਤੋਂ ਲਿਆ ਜਾਂਦਾ ਸੀ। ਸਰੋਂ ਦੇ ਫੋਕ ਨੂੰ ਸੱਲਰੇ ਕਿਹਾ ਜਾਂਦਾ ਸੀ, ਤੇ ਓੱਥੋਂ ਉੱਤੋਂ ਸਰੋਂ ਵੱਢ ਕੇ ਥੱਲੇ ਵਾਲੇ ਫੋਕ ਭਾਵ ਸਲਰਿਆਂ ਨੂੰ ਵੱਢ ਕੇ ਘਰੀਂ ਢੇਰ ਲਾ ਲਈਦੇ ਸੀ ਓਨਾਂ ਸਮਿਆਂ ਵਿੱਚ। ਓਨਾਂ ਨਾਲ ਫਿਰ ਘਰ ਚੁੱਲ੍ਹੇ ਚ ਚੁਰ ਚ ਤੇ ਤੰਦੂਰਾਂ ਵਿੱਚ ਬਾਲਣ ਦੇ ਤੌਰ ਤੇ ਵਰਤਿਆ ਜਾਂਦਾ ਸੀ।ਨਰਮਾਂ ਭਾਵੇਂ ਘੱਟ ਪਰ ਕਪਾਹ ਦੀ ਖੇਤੀ ਪਿੰਡਾਂ ਵਿੱਚ ਚਰਮ ਸੀਮਾ ਤੇ ਰਹੀ ਹੈ।ਕਪਾਹ ਦੀਆਂ ਛਿਟੀਆਂ ਦੀਆਂ ਵੀ ਦੰਨਾਂ ਭਾਵ ਅੰਬਾਰ ਲਾ ਲੈਣੇਂ ਤੇ ਬਾਲਣ ਦੇ ਤੌਰ ਤੇ ਪੂਰਾ ਸਾਲ ਵਰਤਣਾ। ਓਦੋਂ ਗੈਸੀ ਚੁੱਲਿਆਂ ਦਾ ਕੋਈ ਰਿਵਾਜ ਹੀ ਨਹੀਂ ਸੀ ਸਗੋਂ ਚੁੱਲ੍ਹੇ ਹਾਰੀ ਹਾਰੇ ਚੁਰਾਂ ਵਿੱਚ ਗੋਹੇ ਦੀਆਂ ਪਾਥੀਆਂ ਤੇ ਇਹੀ ਉਪਰੋਕਤ ਬਾਲਣ ਬਾਲਦੇ ਸਾਂ।ਆਮ ਪਿੰਡਾਂ ਵਿੱਚ ਸਣ ਦੀ ਖੇਤੀ ਵੀ ਕੀਤੀ ਜਾਂਦੀ ਰਹੀ ਹੈ ਘਰ ਦੀਆਂ ਲਾਸਾਂ ਰੱਸੇ ਬਲਦਾਂ ਦੇ ਤਲਿਹਾਰੇ ਆਦਿ ਸੱਭ ਕੁੱਝ ਖੇਤਾਂ ਵਿੱਚ ਸਣ ਉਗਾ ਕੇ ਹੱਥੀਂ ਬਣਾਉਣ ਦਾ ਰਿਵਾਜ ਪਿੰਡਾਂ ਵਿੱਚ ਆਮ ਰਿਹਾ ਹੈ।ਸਣ ਦੀ ਫਸਲ ਪਕਾ ਕੇ ਵੱਢ ਕੇ ਗਰਨੇ ਬਣਾ ਕੇ ਪਿੰਡ ਦੇ ਛੱਪੜ ਵਿੱਚ ਦੱਬ ਦੇਣਾ ਕੋਈ ਪੰਦਰਾਂ ਵੀਹ ਦਿਨਾਂ ਬਾਅਦ ਓਹਨੂੰ ਕੱਢ ਕੇ ਧੁੱਪੇ ਸਕਾਉਣਾ ਇਸ ਸਮੇਂ ਦੌਰਾਨ ਗਰਨਿਆਂ ਦੇ ਉੱਤੇ ਸਣ ਦੀ ਪਰਤ ਚੜ੍ਹ ਜਾਂਦੀ ਸੀ ਜਿਸ ਨੂੰ ਸੁਕਾ ਕੇ ਸਾਡੇ ਪੁਰਖਿਆਂ ਨੇ ਨਾਲੇ ਕੌਲਿਆਂ ਨਾਲ ਖੜਕੇ ਧੁੱਪ ਸੇਕਣੀ ਨਾਲੇ ਸਣ ਕੱਢੀ ਜਾਣੀ, ਓਨਾਂ ਗਰਨਿਆਂ ਦੇ ਫੋਕ ਦਾ ਵੀ ਬਾਲਣ ਹੀ ਬਣਦਾ ਸੀ, ਤੇ ਸਣ ਦੇ ਲਾਸਾਂ ਰੱਸੇ ਤਲਿਆਰੇ ਆਦਿ।ਇਹ ਸਾਰੇ ਉਪਰੋਕਤ ਜੋ ਫੋਕ ਸਨ ਇਨ੍ਹਾਂ ਨੂੰ ਘਰਾਂ ਦੇ ਨਾਲ ਨਾਲ ਤੰਦੂਰਾਂ ਤੇ ਵੀ ਵਰਤਿਆ ਜਾਂਦਾ ਰਿਹਾ ਹੈ।

ਪੁਰਾਤਨ ਸਮਿਆਂ ਵਿੱਚ ਕੀਹਨੇ ਬਾਲਣ ਪਾਇਆ ਹੈ ਕੀਹਨੇ ਹੁਣ ਰੋਟੀਆਂ ਲਾਹੁਣੀਆਂ ਨੇ ਇਹ ਨਿੰਦ ਵਿਚਾਰ ਘੱਟ ਹੀ ਰੱਖੀ ਜਾਂਦੀ ਸੀ ਭਾਵ ਸਮੇਂ ਪਿਆਰ ਨਿਮਰਤਾ ਮਿਠਾਸ ,ਅਪਣੱਤ ਅਤੇ ਸਹਿਣਸੀਲਤਾ ਵਾਲੇ ਸਨ ਇੱਕ ਦੂਜੀ ਭੈਣ ਨੇ ਇੱਕ ਦੂਸਰਿਆਂ ਦੀਆਂ ਰੋਟੀਆਂ ਪਕਾ ਦੇਣੀਆਂ। ਜੇਕਰ ਕਿਸੇ ਪਰਿਵਾਰ ਦੇ ਬੰਦੇ ਜਾਂ ਬੱਚਿਆਂ ਨੇ ਜਲਦੀ ਜਾਣਾ ਹੁੰਦਾ ਤਾਂ ਉਸ ਦੀਆਂ ਪਹਿਲ ਦੇ ਆਧਾਰ ਤੇ ਰੋਟੀਆਂ ਬਣਾ ਦੇਣੀਆਂ।ਇਹ ਸਿਰਫ ਤੇ ਸਿਰਫ ਓਨਾਂ ਸਮਿਆਂ ਦੇ ਪਿਆਰ ਅਪਣੱਤ ਦੀ ਭਾਵਨਾ ਰਹੀ ਹੈ।ਆਪੋ ਆਪਣੀ ਵਾਰੀ ਨਾਲ ਰੋਟੀਆਂ ਪਕਾਈ ਜਾਣੀਆਂ ਤੇ ਬਾਲਣ ਪਾਈ ਜਾਣਾ।ਚੁਗਲੀ ਨਿੰਦਿਆ ਦੀ ਲੂਤੀ ਘੱਟ ਈ ਕੋਈ ਲਾਉਂਦੀ ਸੀ,ਪਰ ਕਦੇ ਕਦੇ ਕੋਈ ਛੋਟੀ ਜਿਹੀ ਛੁਰਲੀ ਛੱਡ ਵੀ ਜਾਂਦੀ ਸੀ,ਪਰ ਸਮੇਂ ਚੰਗੇ ਕਰਕੇ ਹੀ ਓਹਨਾਂ ਸਮਿਆਂ ਵਿੱਚ ਕਚਹਿਰੀਏਂ ਥਾਣਿਆਂ ਵਿੱਚ ਜਾਣਾ ਬਹੁਤ ਗੁਨਾਹ ਸਮਝਿਆ ਜਾਂਦਾ ਸੀ ਪਿੰਡ ਵਿੱਚ ਹੀ ਜੇਕਰ ਕੋਈ ਹਬੀ ਨਬੀ ਹੋਣੀ ਤਾਂ ਮੋਹਤਬਰਾਂ ਨੇ ਸੁਲਝਾ ਦੇਣੀ। ਰੋਟੀਆਂ ਪਕਾ ਪਕਾ ਕੇ ਮਾਵਾਂ ਭੈਣਾਂ ਨੇ ਛਾਬੇ ਭਰ ਲੈਣੇ ਤੇ ਫਿਰ ਘਰ ਜਾ ਕੇ ਇੱਕ ਜਾਣੀ ਨੇ ਚੋਪੜੀ ਜਾਣੀਆਂ ਇੱਕ ਜਾਣੀ ਨੇ ਸਾਰਿਆਂ ਨੂੰ ਕੋਲ ਬਿਠਾ ਕੇ ਪਰੋਸੀ ਜਾਣੀਆਂ ਲੱਸੀ ਮੱਖਣ ਆਚਾਰ ਤੇ ਤੌੜੀ ਦੀ ਦਾਲ, ਤੇ ਨਾਲ ਗੋਡੇ ਤੇ ਰੱਖ ਕੇ ਭੰਨਿਆ ਹੋਇਆ ਗੰਢਾਂ,ਬੱਸ ਫਿਰ ਉਸ ਤੋਂ ਅਗਾਂਹ ਨਾ ਪੁੱਛੋ। ਕਿੰਨੀਆਂ ਖਾਧੀਆਂ ਇਹਦੀ ਵੀ ਗਿਣਤੀ ਨਹੀਂ ਸੀ ਰਹਿੰਦੀ।

ਜੇਕਰ ਅਜੋਕੇ ਸਮਿਆਂ ਦੀ ਤੁਲਨਾ ਓਨਾਂ ਸਮਿਆਂ ਨਾਲ ਕਰੀਏ ਤਾਂ ਜਮੀਨ ਅਸਮਾਨ ਦਾ ਅੰਤਰ ਆ ਚੁੱਕਾ ਹੈ,ਪਹਿਲੀ ਗੱਲ ਤਾਂ ਐਹੋ ਜਿਹੇ ਪੀਜੇ ਬਰਗਰ ਜਾਂ ਸਨੈਕਸ ਚੱਲੇ ਹਨ ਕਿ ਕੌਣ ਜਾਣਦਾ ਹੈ ਤੰਦੂਰ ਦੀਆਂ ਰੋਟੀਆਂ ਨੂੰ? ਜੇਕਰ ਕਿਸੇ ਨੂੰ ਅਭਿਲਾਸਾ ਵੀ ਹੈ ਤੰਦੂਰ ਦੀ ਰੋਟੀ ਖਾਣ ਦੀ ਤਾਂ ਹੁਣ ਹੋਰ ਈ ਗੁੱਡੀਆਂ ਪਟੋਲੇ ਚੱਲ ਪਏ ਹਨ। ਮਤਲਬ ਥਾਂ ਥਾਂ ਡਰੰਮ ਜਿਹੇ ਵੱਢ ਕੇ ਦੇਸੀ ਤੰਦੂਰ ਬਣਾ ਕੇ ਹਰ ਸਹਿਰ ਹਰ ਪਿੰਡ ਬਲਕਿ ਰੇਹੜੀਆਂ ਰਿਕਸਿਆਂ ਤੇ ਵੇਚਦੇ ਫਿਰਦੇ ਹਨ।ਜਿਸ ਨੂੰ ਤੰਦੂਰੀ ਰੋਟੀ ਖਾਣ ਦਾ ਸੌਕ ਹੈ ਓਹੀ ਵੀਰ ਭੈਣ ਆਪਣੇ ਘਰ ਤੰਦੂਰ ਲਿਆਉਂਦਾ ਹੈ। ਇਕੱਠੀਆਂ ਹੋ ਕੇ ਰੋਟੀਆਂ ਪਕਾਉਣ ਦੇ ਸਮੇਂ ਅੱਜ ਖਤਮ ਹੋ ਚੁੱਕੇ ਹਨ।ਪਰ ਇਹ ਜੋ ਉੱਪਰ ਵਿਖਿਆਨ ਕੀਤਾ ਹੈ ਇਹ ਸੱਭ ਕੁੱਝ ਦਾਸ ਨੇ ਅੱਖੀਂ ਡਿੱਠਾ ਦ੍ਰਿਸ ਹੀ ਲਿਖਿਆ ਹੈ। ਕਾਸ !ਓਹ ਅਪਣੱਤ ਅਤੇ ਪਿਆਰ ਭਾਵਨਾ ਵਾਲੇ ਸਮੇਂ ਕਦੇ ਫਿਰ ਆ ਜਾਣ,ਪਰ ਨਹੀਂ ਦੋਸਤੋ ਇਹ ਹੁਣ ਸੁਪਨਿਆਂ ਵਿੱਚ ਤਾਂ ਚਿਤਵੇ ਜਾ ਸਕਦੇ ਨੇ, ਹਕੀਕੀ ਆਉਣੇ ਬਹੁਤ ਮੁਸਕਲ ਹਨ। ਹੁਣ ਤਾਂ ਇੱਕ ਦੂਸਰੇ ਨੂੰ ਕੋਈ ਵੇਖ ਕੇ ਰਾਜੀ ਨਹੀਂ, ਘਰਾਂ ਦੇ ਬੂਹੇ ਸਦਾ ਬੰਦ ਰਹਿੰਦੇ ਹਨ, ਜਦੋਂ ਕਿ ਪੁਰਾਤਨ ਸਮਿਆਂ ਵਿੱਚ ਸੱਭ ਇਸ ਦੇ ਉਲਟ ਸੀ। ਵਾਹਿਗੁਰੂ ਸੱਚੇ ਪਾਤਸਾਹ ਲੁਕਾਈ ਨੂੰ ਸੁਮੱਤ ਬਖਸੇ ਪਿਆਰ ਮੁਹੱਬਤ ਅਪਣੱਤ ਸਹਿਣਸੀਲਤਾ ਦੁਬਾਰਾ ਫਿਰ ਆਵੇ ਤੇ ਰੰਗਲੇ ਪੰਜਾਬ ਦਾ ਸਾਕਾਰ ਹੋਵੇ।

T D S
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
· Insulation
· Drywall
· Taping
· Texturing
· Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ·
ਡਰਾਈਵਾਲ·
ਟੇਪਿੰਗ·
ਬਲੋ ਇੰਸੂਲੇਸ਼ਨ·
ਟੈਕਸਚਰਿੰਗ·
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

Calgary




ਜਦੋਂ ਤੁਸੀਂ
#SupportLocalYYC,
ਕਰਦੇ ਹੋ ਤਾਂ ਤੁਸੀਂ ਆਪਣੇ ਗੁਆਂਢੀਆਂ
ਦਾ ਸਮਰਥਨ
ਕਰ ਰਹੇ ਹੋ

ਅਸੀਂ ਮੁਫਤ ਸਪੋਰਟ ਲੋਕਲ ਪ੍ਰੋਗਰਾਮ ਦੀ ਸ਼ੁਰੂਆਤ ਕੈਲਗਰੀ ਨਿਵਾਸੀਆਂ ਨੂੰ ਸਥਾਨਕ ਕਾਰੋਬਾਰ ਲੱਭਣ ਲਈ ਸਹਾਇਤਾ ਕਰਨ ਵਾਸਤੇ ਕੀਤੀ। ਇਹ ਜਾਣੀਆਂ ਪਛਾਣੀਆਂ ਥਾਵਾਂ, ਅਤੇ ਉਨ੍ਹਾਂ ਦੇ ਪਿੱਛੇ ਦੇ ਚਿਹਰੇ, ਕੈਲਗਰੀ ਦੀ ਰੂਹ ਦਾ ਨਿਰਮਾਣ ਕਰਦੇ ਹਨ। ਜਦੋਂ ਤੁਸੀਂ ਸਥਾਨਕ ਕਾਰੋਬਾਰਾਂ ਦਾ ਸਮਰਥਨ ਕਰਦੇ ਹੋ, ਤਾਂ ਤੁਹਾਡਾ ਧਨ ਸਾਡੇ ਭਾਈਚਾਰੇ ਵਿੱਚ ਰਹਿੰਦਾ ਹੈ ਅਤੇ ਸਾਡੀ ਅਰਥ ਵਿਵਸਥਾ ਨੂੰ ਵਧਾਉਂਦਾ ਹੈ।

**calgary.ca/supportlocal** ਤੇ ਸਥਾਨਕ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਉਨ੍ਹਾਂ ਨੂੰ ਵਧਾਵਾ ਦੇਣ ਦੇ ਹੋਰ ਢੰਗ ਜਾਣੋ।

20-0006464 ADV-9907



DAWSON'S LANDING
CHESTERMERE
A QUALICO COMMUNITY



ਲੱਭੋ ਆਪਣਾ ਸੰਪੂਰਣ ਘਰ

ਨਵੀਆਂ ਲਾਟਾਂ ਆ ਗਈਆਂ ਹਨ

- ਤਲਾਅ /ਹਰਿਆ ਭਰਿਆ ਆਲਾ ਦੁਆਲਾ
- ਫਰੰਟ ਗੈਰਾਜ ਲਾਟਾਂ
- ਵਾਕ ਆਊਟ ਲਾਟਾਂ
- ਡੁਪਲੈਕਸ ਲਾਟਾਂ
- ਲੇਨਡ ਲਾਟਾਂ

| TOWNHOMES | DUPLEX HOMES | LANED HOMES | FRONT GARAGE HOMES |
|---|---|---|---|
| FROM THE LOW | FROM THE MID | FROM THE HIGH | FROM THE LOW |
| $300s | $300s | $300s | $500s |

360° ਵਰਚੂਅਲ ਟੂਰ ਵੀ ਮਿਲਦਾ ਹੈ

ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।

ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ

liveindawsonslanding.ca

SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes


ਕਮਿਉਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ


22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ


4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ


4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ

ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .

QUALICO® communities




# ਰਾਜ ਧਾਲੀਵਾਲ ਵੱਲੋਂ ਕੌਂਸਲਰ ਦੀ ਚੋਣ ਲੜਨ ਦਾ ਐਲਾਨ

## -ਕੈਲਗਰੀ ਦੇ ਵਾਰਡ ਨੰਬਰ 5 ਤੋਂ ਲੜਨਗੇ ਚੋਣ



ਕੈਲਗਰੀ ( ਪੰਜਾਬੀ ਅਖਬਾਰ ਬਿਊਰੋ ) ਕੈਲਗਰੀ ਮਿਉਸੀਂਪਲ ਚੋਣਾਂ ਅਕਤੂਬਰ 'ਚ ਕਰਵਾਉਣ ਦੇ ਐਲਾਨ ਪਿੱਛੋਂ ਵੱਖ-ਵੱਖ ਵਾਰਡਾਂ 'ਚ ਉਮੀਦਵਾਰਾਂ ਨੇ ਆਪੋ-ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਜਿਸ ਦੇ ਤਹਿਤ ਵਾਰਡ ਨੰਬਰ 5 ਤੋਂ ਰਾਜ ਧਾਲੀਵਾਲ ਵੱਲੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਵਾਰਡ ਨੰਬਰ 5 ਤੋਂ ਪਹਿਲਾਂ ਜੌਰਜ ਚਾਹਲ ਜਿੱਤੇ ਹੋਏ ਸਨ ਪਰ ਇਸ ਬਾਰ ਉਹ ਇਸ ਬਾਰ ਕੌਂਸਲਰ ਦੀ ਚੋਣ ਨਹੀਂ ਲੜ ਰਹੇ। ਰਾਜ ਧਾਲੀਵਾਲ ਨੇ ਮੀਡੀਆ ਨਾਲ ਗੱਲ-ਬਾਤ ਕਰਦਿਆਂ ਕਿਹਾ ਕਿ ਵਾਰਡ ਨੰਬਰ 5 'ਚ ਬਹੁਤ ਸਾਰੀਆਂ ਸਮੱਸਿਆਵਾਂ ਹਨ ਤੇ ਬਹੁਤ ਸਾਰੇ ਕੰਮ ਅਧੂਰੇ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਤੇ ਸ਼ੁਰੂ ਕਰਨਾ ਬਹੁਤ ਜ਼ਰੂਰੀ ਹੈ, ਉਨ੍ਹਾਂ ਕਿਹਾ ਵਾਰਡ ਨੰਬਰ 5 ਦੀ ਆਬਾਦੀ ਦਿਨੋ-ਦਿਨ ਵੱਧਦੀ ਜਾ ਰਹੀ ਹੈ ਜਿਸ ਲਈ ਭਵਿੱਖ 'ਚ ਟ੍ਰੈਫਿਕ ਕੰਟਰੋਲ, ਖੇਡਾਂ ਦਾ ਪ੍ਰਬੰਧ, ਸਰਦੀਆਂ 'ਚ ਸੜਕ ਹਾਦਸਿਆਂ ਨੂੰ ਕੰਟਰੋਲ ਕਰਨਾ ਆਦਿ 'ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਬੀਤੇ ਸਮੇਂ 'ਚ ਨੌਰਥ ਈਸਟ ਇਲਾਕੇ ਬਹੁਤ ਸਾਰੀਆਂ ਗੈਂਗਵਾਰ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੂੰ ਰੋਕਣ ਲਈ ਕੁੱਝ ਕੋਸ਼ਿਸ਼ਾਂ ਹੋਈਆਂ ਪਰ ਇਸ 'ਤੇ ਹੋਰ ਧਿਆਨ ਦੇਣ ਦੀ ਲੋੜ ਹੈ ਉਨ੍ਹਾਂ ਕਿਹਾ ਕਿ ਅਗਰ ਵਾਰਡ ਵਾਸੀ ਮੈਨੂੰ ਕੌਂਸਲਰ ਬਣਨ ਦਾ ਮੌਕਾ ਦਿੰਦੇ ਹਨ ਤਾਂ ਮੈਂ ਵਾਰਡ ਨੂੰ ਹੋਰ ਬਿਹਤਰ ਬਣਾਉਣ ਲਈ ਬਹੁਤ ਸਾਰੇ ਨਵੇਂ ਪਲਾਨ ਸੋਚੇ ਹੋਏ ਹਨ।

ਰਾਜ ਧਾਲੀਵਾਲ ਨੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਮੇਰਾ ਜਨਮ ਮਾਲਵੇ ਦੇ ਪਿੰਡ ਚੀਮਨਾ ਦਾ ਹੈ ਤੇ ਮੈਂ ਪਰਿਵਾਰ ਦੇ ਨਾਲ 1994 'ਚ ਕੈਲਗਰੀ ਆਇਆ ਸੀ ਤੇ ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀ ਪੜ੍ਹਾਈ ਉਨ੍ਹਾਂ ਕੈਲਗਰੀ ਤੋਂ ਹੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਆਫ ਕੈਲਗਰੀ ਤੋਂ ਕੈਮੀਕਲ ਬੀ ਐਸ ਸੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਇਲ ਐਂਡ ਗੈਸ ਕੰਪਨੀ 'ਚ ਨੌਕਰੀ ਕਰ ਰਹੇ ਹਨ।























ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ

| TOWNHOMES | DUPLEXES | LANED HOMES | FRONT GARAGE |
|---|---|---|---|
| FROM THE | FROM THE | FROM THE | FROM THE |
| $250s | $400s | $400s | $500s |

RED STONE

redstonecommunity.ca

ਆਖਰੀ ਲਾਟਾਂ ਮੌਜੂਦ ਹਨ

ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ

ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ




• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities



Mega
Sanjha Punjab
GROCERY STORE




ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।

ਕਰੋਨਾ ਕਾਰਣ ਤੁਹਾਡੀ ਸੋਸ਼ਲ ਡਿਸਟੈਂਸ ਦੇ ਪੁਖਤਾ ਪਰਬੰਧ ਹਨ।

Mega Sanjha Punjab

ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਤੀਜੀ ਲੋਕੇਸ਼ਨ ਹੁਣ ਕੋ-ਅੱਪ ਸਟੋਰ ਵਾਲੀ ਬਿਲਡਿੰਗ ਵਿੱਚ ਖੁੱਲ ਗਈ ਹੈ






**THREE LOCATIONS TO SERVE YOU**

| 3690 Westwinds Dr NE, Calgary, AB T3J 5H3 | 7171 80 Ave NE #117, Calgary, AB T3J 0P6 | 570-6520 Falconridge BLVD NE Calgary |
|---|---|---|

Calgary

# ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਕਾਰੋਬਾਰਾਂ ਲਈ ਮੁੜ ਖੋਲ੍ਹਣ ਲਈ ਗਰਾਂਟਾਂ

## 2 ਜੁਲਾਈ ਤੋਂ 10 ਅਗਸਤ, 2021 ਤੱਕ ਅਪਲਾਈ ਕਰੋ।

ਜਿਵੇਂ ਕੈਲਗਰੀ ਗਰਮੀਆਂ ਲਈ ਖੁੱਲ੍ਹਦੀ ਹੈ, ਸਿਟੀ ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਕਾਰੋਬਾਰਾਂ ਨੂੰ ਮੁੜ ਖੋਲ੍ਹਣ ਲਈ ਗਰਾਂਟਾਂ ਪ੍ਰਦਾਨ ਕਰਕੇ ਸਾਡੀ ਆਰਥਿਕ ਰਿਕਵਰੀ ਦਾ ਸਮਰਥਨ ਕਰ ਰਹੀ ਹੈ।

ਅਰਜ਼ੀਆਂ 2 ਜੁਲਾਈ ਤੋਂ 10 ਅਗਸਤ ਦੇ ਵਿੱਚਕਾਰ ਜਾਂ ਯੋਗਤਾ ਦੇ ਮਾਪਦੰਡਾਂ ਦੇ ਅਧਾਰ ਤੇ ਫੰਡ ਸਮਾਪਤ ਹੋਣ ਤੱਕ ਸਵੀਕਾਰ ਕੀਤੀਆਂ ਜਾਣਗੀਆਂ।

ਵਧੇਰੇ ਜਾਣਨ ਅਤੇ ਅਪਲਾਈ ਕਰਨ ਲਈ, ਵੇਖੋ **calgary.ca/BusinessGrant**।




21-0014647

Ambleton

A Qualico Community

# ਛੋਟੀਆਂ ਚੀਜਾਂ ਦਾ ਆਨੰਦ ਮਾਣੋ.

## ਕੈਲਗਰੀ ਦਾ ਨਵਾਂ ਉੱਤਰੀ ਏਰੀਆ




## ਜੂਨ 2021 ਵਿੱਚ ਸ਼ੋਅ ਹੋਮ ਵੀ ਖੁੱਲ ਜਾਣਗੇ



ਲੇਨਡ ਹੋਮ

**$400s** ਤੋਂ ਸ਼ੁਰੂ ਹਨ




ਫਰੰਟ ਗੈਰਾਜ

**$500s** ਤੋਂ ਸ਼ੁਰੂ ਹਨ

ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ

ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : **liveinambleton.com**

ਐਵਾਰਡ ਜੇਤੂ ਬਿਲਡਰ: · Shane Homes · Sterling Homes · Trico Homes · Broadview Homes · Jayman Built




ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .

QUALICO communities


SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
IT'S TIME TO TOYOTA
RISHI MUKHERJEE
NEW CAR SALES MANAGER
ZAK BHANJI
NEW CAR SALES MANAGER
AFSHEEN HARJEE
NEW CAR PRODUCT ADVISOR
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
MUHAMMAD YOUSAF
NEW CAR PRODUCT ADVISOR
CALGARYS #1 VOLUME TOYOTA DEALERSHIP
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM

# ਕਾਂਗਰਸ ਦਾ ਕਾਟੋਕਲੇਸ਼ ਸਿੱਧੂ ਨੂੰ ਪ੍ਰਧਾਨਗੀ ਦੇਣ ਨਾਲ ਇੱਕ ਬਾਰ ਤਾਂ ਸ਼ਾਂਤ ਹੋ ਗਿਐ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕਾਂਗਰਸੀ ਵਿਧਾਇਕ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ। ਨਵਜੋਤ ਸਿੰਘ ਸਿੱਧੂ ਦੇ ਨਾਲ ਚਾਰ ਵਰਕਿੰਗ ਪ੍ਰਧਾਨ ਵੀ ਬਣਾ ਦਿੱਤੇ ਗਏ ਹਨ। ਸੰਗਤ ਸਿੰਘ ਗਿਲਜ਼ੀਆਂ, ਸੁਖਵਿੰਦਰ ਸਿੰਘ ਡੈਨੀ, ਪਵਨ ਗੋਇਲ ਤੇ ਕੁਲਜੀਤ ਸਿੰਘ ਨਾਗਰਾ ਨੂੰ ਵਰਕਿੰਗ ਪ੍ਰਧਾਨ ਬਣਾਇਆ ਗਿਆ ਹੈ। ਬੀਤੇ ਕੁਝ ਦਿਨਾਂ ਵਿੱਚ ਨਵਜੋਤ ਸਿੰਘ ਸਿੱਧੂ ਤੇ ਕੈਪਟਨ ਇੱਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਕਰਦੇ ਰਹੇ ਹਨ। ਕਾਂਗਰਸ ਹਾਈਕਮਾਨ ਦੋਵੇਂ ਆਗੂਆਂ ਨੂੰ ਨਾਲ ਲੈ ਕੇ ਚੱਲਣ ਦਾ ਰਾਹ ਲੱਭ ਰਹੀ ਸੀ। ਇਸ ਦੇ ਲਈ ਇੱਕ ਕਮੇਟੀ ਵੀ ਬਣਾਈ ਗਈ ਸੀ। ਕੈਪਟਨ ਅਮਰਿੰਦਰ ਤੇ ਨਵਜੋਤ ਸਿੰਘ ਸਿੱਧੂ ਸਣੇ ਕਈ ਆਗੂਆਂ ਨੂੰ ਦਿੱਲੀ ਤਲਬ ਵੀ ਕੀਤਾ ਗਿਆ ਸੀ। ਨਵਜੋਤ ਸਿੰਘ ਸਿੱਧੂ ਮੌਜੂਦਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਲਾਲ ਸਿੰਘ ਤੇ ਕਈ ਹੋਰ ਵਿਧਾਇਕਾਂ ਨੂੰ ਮਿਲ ਚੁੱਕੇ ਸਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਰਾਜਨੀਤਕ ਹਲਕਿਆਂ ਵਿੱਚ ਚਰਚਾ ਹੈ ਕਿ 5 ਪ੍ਰਧਾਨ ਥਾਪ ਕੇ ਕਾਂਗਰਸ ਕੀ ਹਾਸਲ ਕਰਨਾ ਚਾਹੁੰਦੀ ਹੈ, ਇਸ ਦਾ ਤਾਂ ਪਤਾ ਨਹੀਂ ਪਰ ਇਸ ਨਾਲ ਅੰਦਰੂਨੀ ਕਾਟੋ-ਕਲੇਸ਼ ਜ਼ਰੂਰ ਵਧ ਸਕਦਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਿਯੁਕਤ ਕੀਤੇ ਜਾਣ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਪਟਿਆਲਾ ਦੇ ਦੁਕ ਨਿਵਾਰਨ ਗੁਰਦੁਆਰਾ ਸਾਹਿਬ ਅਤੇ ਕਾਲੀ ਮਾਤਾ ਦੇ ਮੰਦਰ ਵਿੱਚ ਜਾ ਕੇ ਮੱਥਾ ਟੇਕਿਆ ਤੇ ਟਵੀਟ ਕਰਕੇ ਕਿਹਾ ਕਿ ਉਹ ਹਰੇਕ ਮੈਂਬਰ ਨਾਲ ਮਿਲ ਕੇ ਕੰਮ ਕਰਨਗੇ ਅਤੇ ਜਿੱਤੇਗਾ ਪੰਜਾਬ ਮਿਸ਼ਨ ਨੂੰ ਕਾਮਯਾਬ ਕਰਨਗੇ। ਇਸ ਦੌਰਾਨ ਉਹਨਾਂ ਨੇ ਕਾਂਗਰਸ ਦੇ ਮੌਜੂਦਾ ਅਤੇ ਪੁਰਾਣੇ ਵਿਧਾਇਕਾਂ, ਮੰਤਰੀਆਂ ਅਤੇ ਨਵੇਂ ਨਿਯੁਕਤ ਵਰਕਿੰਗ ਪ੍ਰਧਾਨਾਂ ਨਾਲ ਵੀ ਮੁਲਾਕਾਤ ਕਰ ਲਈ ਹੈ।

## ਗਰੀਨ ਪਾਰਟੀ ਦੀ ਲੀਡਰ ਨੂੰ ਇੱਕ ਬਾਰ ਤਾਂ ਗਰੀਨ ਲਾਈਟ ਮਿਲ ਗਈ ਐ ਬਾਕੀ ਅੱਗੇ ਦੇਖੋ ਕੀ ਹੁੰਦਾ ਐ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਗ੍ਰੀਨ ਪਾਰਟੀ ਦੀ ਲੀਡਰ ਐਨੈਮੀ ਪੌਲ ਨੂੰ ਉਹਨਾਂ ਦੇ ਅਹੁਦੇ ਤੋਂ ਫਾਰਗ਼ ਕੀਤੇ ਜਾਣ ਦੀ ਪ੍ਰਕਿਰਿਆ ਇੱਕ ਵਾਰ ਫਿਰ ਟਲ਼ ਗਈ ਹੈ। ਇਸ ਹਫ਼ਤੇ ਮੰਗਲਵਾਰ ਵਾਲੇ ਦਿਨ ਰੱਖੀ ਗਈ ਨੌਨ-ਕੌਨਫਿਡੈਂਸ ਵੋਟਿੰਗ ਕੈਂਸਲ ਹੋ ਗਈ ਹੈ। ਪਾਰਟੀ ਦੀ ਗਵਰਨਿੰਗ ਟੀਮ, ਫੈਡਰਲ ਕੌਂਸਲ ਨੇ ਇਸ ਨੂੰ ਰੱਦ ਕਰਦਿਆਂ ਐਨੈਮੀ ਪੌਲ ਨੂੰ ਕੱਢਣ ਬਾਰੇ ਕੰਮ ਰੋਕ ਦਿੱਤਾ। ਅੰਦਰੂਨੀ ਪੱਧਰ 'ਤੇ ਹੋਈ ਗੱਲਬਾਤ ਵਿੱਚ ਕੌਂਸਲ ਇਸ ਨਤੀਜੇ 'ਤੇ ਪਹੁੰਚੀ ਕਿ ਐਨੈਮੀ ਪੌਲ ਨੂੰ ਹਟਾਉਣ ਦਾ ਫੈਸਲਾ ਪਾਰਟੀ ਦੀ ਪੌਪੁਲੈਰਿਟੀ ਨੂੰ ਵੱਡਾ ਖੋਰਾ ਲਗਾ ਸਕਦਾ ਹੈ। ਐਨੈਮੀ ਪੌਲ ਦੀ ਅਗਵਾਈ ਵਿੱਚ ਪਾਰਟੀ ਦਾ ਇੱਕ ਐਮਪੀ ਘਟ ਗਿਆ ਹੈ ਤੇ ਅੰਦਰੂਨੀ ਕਲੇਸ਼ ਕਾਰਨ ਪਾਰਟੀ ਦੀ ਭੱਲ ਨੂੰ ਵੱਡਾ ਨੁਕਸਾਨ ਹੋਇਆ ਹੈ।

## ਕਨੇਡਾ ਦੀ ਟੀਮ ਵਿੱਚ ਸਾਮਿਲ ਹੋਈ ਗੁਰਪ੍ਰੀਤ ਕੌਰ ਸੋਹੀ ਓਲੰਪਿਕ ਖੇਡਾਂ ਖੇਡਣ ਜਾਵੇਗੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੀ ਕੈਨੇਡੀਅਨ ਨਾਗਰਿਕ ਅਤੇ ਕੈਨੇਡਾ ਦੀ ਜੰਮਪਲ 27 ਸਾਲਾ ਗੁਰਪ੍ਰੀਤ ਕੌਰ ਸੋਹੀ ਕੈਨੇਡੀਅਨ ਓਲੰਪਿਕ ਟੀਮ ਵਿੱਚ



ਸ਼ਾਮਿਲ ਕੀਤੀ ਗਈ ਹੈ ਤੇ ਵੌਟਰ-ਪੋਲੋ ਵਿੱਚ ਉਸ ਦਾ ਨਾਮ ਸ਼ਾਮਿਲ ਕੀਤਾ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਦੇ ਡੈਲਟਾ ਦੀ ਰਹਿਣ ਵਾਲੀ ਗੁਰਪ੍ਰੀਤ ਕੌਰ ਸੋਹੀ ਦਾ ਜਨਮ ਡੈਲਟਾ ਵਿੱਚ ਸਾਲ 1994 ਵਿੱਚ ਹੋਇਆ ਸੀ। ਉਸ ਨੇ ਆਪਣੀ ਪਹਿਲੀ ਅੰਤਰਰਾਸ਼ਟਰੀ ਸਫ਼ਲਤਾ ਸਾਲ 2011 ਵਿੱਚ ਯੂਥ ਪੈਨ-ਐਮ ਗੇਮਜ਼ ਵਿੱਚ ਹਾਸਲ ਕੀਤੀ ਸੀ ਤੇ ਗੋਲਡ ਮੈਡਲ ਜਿੱਤਿਆ ਸੀ। ਉਸ ਨੇ ਹੁਣ ਤੱਕ 4 ਵਾਰ ਫੀਨਾ ਵਲਡ ਲੀਗ਼ ਸੁਪਰ ਫਾਇਲਜ਼ ਵਿੱਚ ਸਥਾਨ ਹਾਸਲ ਕੀਤਾ ਤੇ ਸਾਲ 2017 ਵਿੱਚ ਸਿਲਵਰ ਮੈਡਲ ਵੀ ਜਿੱਤਿਆ। ਉਸ ਨੇ ਸਟੈਨਫੋਰਡ ਯੂਨਿਵਰਸਿਟੀ ਵਾਸਤੇ 2014 ਅਤੇ 2015 ਵਿੱਚ ਲਗਾਤਾਰ 2 ਵਾਰ ਐਨ.ਸੀ.ਏ.ਏ. ਚੈਂਪੀਅਨਸ਼ਿਪ ਵੀ ਜਿੱਤੀ ਹੈ। ਸਾਲ 2016 ਵਿੱਚ ਉਹ ਟੀਮ ਦੀ ਕੈਪਟਨ ਵੀ ਰਹੀ। ਉਸ ਨੇ 9 ਸਾਲ ਦੀ ਉਮਰ ਵਿੱਚ ਇਹ ਗੇਮ ਖੇਡਣੀ ਸ਼ੁਰੂ ਕੀਤੀ ਸੀ ਤੇ ਉਸ ਨੇ ਸਟੈਨਫੋਰਡ ਯੂਨਿਵਰਸਿਟੀ ਤੋਂ ਹਿਉਮਨ ਬਇਔਲੋਜੀ ਵਿੱਚ ਡਿਗਰੀ ਹਾਸਲ ਕੀਤੀ ਹੈ। ਉਸ ਦਾ ਓਲੰਪਿਕ ਵਿੱਚ ਪਹਿਲਾ ਮੁਕਾਬਲਾ 24 ਜੁਲਾਈ ਨੂੰ ਆਸਟ੍ਰੇਲੀਆ ਨਾਲ ਹੋ ਰਿਹਾ ਹੈ।

## ਚੀਨ ਪੜ੍ਹਦੀ ਲੜਕੀ ਨੂੰ ਮੁੜ ਵਾਇਰਸ ਨੇ ਘੇਰਿਆ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੀ ਉਸ ਮੈਡਿਕਲ ਸਟੂਡੈਂਟ ਨੂੰ ਮੁੜ ਕੋਰੋਨਾ ਵਾਇਰਸ ਨੇ ਘੇਰ ਲਿਆ ਹੈ ਜਿਸ ਨੂੰ ਦੇਸ਼ ਦਾ ਪਹਿਲਾ ਵਾਇਰਸ ਪੌਜ਼ਿਟਿਵ ਮਰੀਜ਼ ਪਾਇਆ ਗਿਆ ਸੀ। ਇਹ ਲੜਕੀ ਮੈਡਿਕਲ ਦੀ ਵਿਦਿਆਰਥਣ ਹੈ ਤੇ ਚੀਨ ਦੀ ਵੂਹਾਨ ਯੂਨਿਵਰਸਿਟੀ ਵਿੱਚ ਪੜ੍ਹਦੀ ਹੈ। ਕੇਰਲਾ ਦੀ ਇਹ ਲੜਕੀ ਚੀਨ ਤੋਂ ਭਾਰਤ ਆਈ ਹੋਈ ਸੀ ਤੇ ਉਸ ਨੂੰ ਦੇਸ਼ ਵਿੱਚ ਸਭ ਤੋਂ ਪਹਿਲਾ ਵਾਇਰਸ ਕੇਸ ਦਰਜ ਕੀਤਾ ਗਿਆ ਸੀ। ਹੁਣ ਉਸ ਨੂੰ ਮੁੜ ਵਾਇਰਸ ਨੇ ਘੇਰ ਲਿਆ ਹੈ ਤੇ ਉਹ ਆਪਣੇ ਘਰ ਵਿੱਚ ਹੀ ਕੁਐਰੈਂਟੀਨ ਕਰ ਰਹੀ ਹੈ ਤੇ ਉਸ ਦੀ ਸਿਹਤ ਠੀਕ ਦੱਸੀ ਜਾਂਦੀ ਹੈ।

# 'ਕਾਮਾਗਾਟਾਮਾਰੂ' ਦੇ ਸ਼ਹੀਦਾਂ ਨੂੰ ਸਮਰਪਿਤ ਕਾਮਾਗਾਟਾਮਾਰੂ ਪਾਰਕ ਤਿਆਰ ਕਿਉਂ ਨਹੀਂ ਕੀਤੀ ਗਈ










ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕਨੇਡੀਅਨ ਸਿੱਖ ਇਤਿਹਾਸ ਦੇ ਅੰਦਰ 'ਕਾਮਾਗਾਟਾਮਾਰੂ' ਇੱਕ ਬਹੁਤ ਵੱਡੀ ਘਟਨਾ ਹੈ, ਜਿਸ ਦੇ ਲਈ ਸਾਡੇ ਮਾਨਯੋਗ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੁਆਰਾ ਮੁਆਫੀ ਵੀ ਮੰਗੀ ਗਈ। 'ਕਾਮਾਗਾਟਾਮਾਰੂ' ਨਾਮ ਨਾਲ ਸਿੱਖਾਂ ਦੇ ਭਾਵਾਨਾਤਮਕ ਸੰਬੰਧ ਜੁੜ੍ਹੇ ਹਨ। ਸਮੇਂ ਸਮੇਂ ਕੁਝ ਚਲਾਕ ਬਿੱਜਨੈੱਸ ਮੈਨਾਂ (ਵਪਾਰੀਆਂ) ਦੁਆਰਾ ਆਪਣਾ ਬਿੱਜਨਿੱਸ ਚਮਕਾਉਣ ਜਾਂ ਲੋਕਾਂ ਨੂੰ ਭਰਮਾਉਣ ਲਈ ਇਸ 'ਕਾਮਾਗਾਟਾਮਾਰੂ' ਨਾਮ ਦੀ ਵਰਤੋ ਕੀਤੀ ਗਈ / ਕੀਤੀ ਜਾ ਰਹੀ ਹੈ । ਇਸੇ ਤਰ੍ਹਾਂ ਦੀ ਇੱਕ ਘਟਨਾ ਸ ਵਿੰਨੀਪੈੱਗ ਦੇ ਵਾਟਰਫੋਰਡ ਗਰੀਨ ਇਲਾਕੇ ਨਾਲ ਸੰਬੰਧਿਤ ਹੈ। 2016 ਵਿੱਚ ਇਸ ਇਲਾਕੇ ਦੀ ਉਸਾਰੀ ਵੇਲੇ ਇਸ ਦੇ ਡਿਵੈੱਲਪਰ ਵੱਲੋਂ ਲੋਕਾਂ ਨਾਲ ਵਾਅਦਾ ਕੀਤਾ ਗਿਆ ਕਿ ਇੱਥੇ ਇਕ ਬਹੁਤ ਹੀ ਸਾਨਦਾਰ ਕਾਮਾਗਾਟਾਮਾਰੂ ਪਾਰਕ ਤਿਆਰ ਕੀਤੀ ਜਾਵੇਗੀ ਜੋ ਕਿ ਸਭ ਤਰ੍ਹਾਂ ਦੀਆਂ ਸਹੂਲਤਾਂ ਨਾਲ ਭਰਪੂਰ ਹੋਵੇਗੀ ਅਤੇ ਇਹ ਉਹਨਾਂ ਕਾਮਾਗਾਟਾਮਾਰੂ ਦੇ ਸਹੀਦਾਂ ਨੂੰ ਸਮਰਪਿੱਤ ਹੋਵੇਗੀ ।ਮਈ 2016 ਵਿੱਚ ਇਕ ਬਹੁਤ ਹੀ ਸਾਨਦਾਰ ਸਮਾਰੋਹ ਪੰਜਾਬ ਕਲਚਰਲ ਸੈਂਟਰ ਵਿੱਚ ਰੱਖਿਆ ਗਿਆ ਸੀ ਜਿਸ ਵਿੱਚ ਉਸ ਵੇਲੇ ਦੇ ਕੈਬਨਿੱਟ ਮੰਤਰੀ ਅਮਰਜੀਤ ਸੋਹੀ, ਬਰਦੀਸ ਚੱਗੜ੍ਹ, ਸੁੱਖ ਧਾਲੀਵਾਲ , ਕੈਵਿਨ ਲੈਮਰੂ , ਰਣਦੀਪ ਸਰਾਏ ਸਮੇਤ ਹੋਰ ਕਈ ਲੀਡਰ ਸਾਹਿਬਾਨਾਂ ਤੇ ਵਿੰਨੀਪੈੱਗ ਦੇ ਪਤਵੰਤੇ ਸੱਜਣਾਂ ਵੱਲੋਂ ਭਾਗ ਲਿਆ ਗਿਆ। ਪਰ ਅੱਜ ਉਸ ਦੇ 5 ਸਾਲ ਬੀਤਣ ਦੇ ਬਾਅਦ ਵੀ ਹਾਲਤ ਇਹ ਹੈ ਕਿ ਅਜੇ ਤੱਕ ਇਸ ਪਾਰਕ ਦਾ ਨਾਮ ਤੱਕ ਸਿੱਟੀ ਕੋਲ ਰਜਿਸਟਰ ਨਹੀਂ ਕਰਵਾਇਆ ਗਿਆ। ਪਿਛਲੇ ਇੱਕ ਸਾਲ ਤੋਂ ਇਸ ਸੰਬੰਧਿਤ ਕਈ ਤਰ੍ਹਾਂ ਦੀਆਂ ਪਬਲਿਕ ਮੀਟਿੰਗਾਂ, ਜ਼ੂਮ ਮੀਟਿੰਗਾਂ ਸੰਬੰਧਿਤ ਸਿੱਟੀ, ਪਰੋਵਿੰਸ ਤੇ ਫੈਡੇਰਲ ਲੀਡਰਾਂ, ਅਧਿਕਾਰੀਆਂ ਤੇ ਡਿਵੈੱਲਪਰ ਨਾਲ ਕੀਤੀਆਂ ਤਾਂ ਸਭ ਆਪਣਾ ਪੱਲਾ ਝਾੜਦੇ ਤੇ ਇੱਕ-ਦੂਜੇ ਤੇ ਦੋਸ ਮੜ੍ਹਦੇ ਨਜਰ ਆਏ। ਜੇਕਰ ਮਨੁੱਖੀ ਅਧਿਕਾਰਾਂ ਦੇ ਲੰਬੜਦਾਰ ਕਹੇ ਜਾਂਦੇ ਇਸ ਮੁਲਕ ਕਨੇਡਾ ਵਿੱਚ ਵੀ ਅਜਿਹੇ ਲੋਕਾਂ ਦੁਆਰਾ ਨਿੱਜੀ ਲਾਭ ਕਮਾਉਣ ਲਈ ਲੋਕਾਂ ਨਾਲ ਝੂਠੇ ਵਾਅਦਾ ਕਰ ਕੇ ਮੁੱਕਰਨਗੇ ਤਾਂ ਇਸ ਤੋਂ ਨਿੰਦਣਯੋਗ ਹੋਰ ਕੀ ਹੋਵੇਗਾ ?

## ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਆਪਸੀ ਸਬੰਧ ਵਿਗੜੇ ,ਆਪੋ ਆਪਣੇ ਸਫੀਰ ਵਾਪਿਸ ਬੁਲਾਏ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗ਼ਾਨਿਸਤਾਨ ਨੇ ਪਾਕਿਸਤਾਨ ਤੋਂ ਆਪਣੇ ਸਫੀਰ ਅਤੇ ਸੀਨੀਅਰ ਡਿਪਲੋਮੈਟਸ ਨੂੰ ਵਾਪਸ ਸੱਦ ਲਿਆ ਹੈ ਤੇ ਦੋਸ਼ ਲਗਾਇਆ ਹੈ ਕਿ ਇਸਲਾਮਾਬਾਦ ਵਿਚੱ ਉਹਨਾਂ ਦੇ ਸਫੀਰ ਦੀ ਬੇਟੀ ਨੂੰ ਥੋੜ੍ਹੀ ਦੇਰ ਵਾਸਤੇ ਕਿਡਨੈਪ ਕਰ ਲਿਆ ਗਿਆ ਸੀ ਜਿਸ ਮਗਰੋਂ ਇਹ ਕਾਰਵਾਈ ਕੀਤੀ ਜਾ ਰਹੀ ਹੈ। ਉੱਧਰ, ਪਾਕਿਸਤਾਨ ਦੇ ਇੰਟੀਰੀਅਰ ਮਨਿਸਟਰ ਸ਼ੇਖ਼ ਰਸ਼ੀਦ ਅਹਿਮਦ ਨੇ ਦੋਸ਼ ਲਗਾਇਆ ਹੈ ਕਿ ਅਫ਼ਗ਼ਾਨੀ ਡਿਪਲੋਮੈਟ ਦੀ ਬੇਟੀ ਨੂੰ ਅਗਵਾ ਕਰਨ ਦਾ ਕੰਮ ਭਾਰਤੀ ਏਜੰਸੀਆਂ ਨੇ ਕਰਵਾਇਆ ਹੈ। ਪਾਕਿਸਤਾਨ ਨੇ ਵੀ ਅਫ਼ਗ਼ਾਨਿਸਤਾਨ ਵਿਚਲੇ ਆਪਣੇ ਸਫੀਰ ਮਨਸੂਰ ਅਹਿਮਦ ਖਾਨ ਨੂੰ ਇਸਲਾਮਾਬਾਦ ਸੱਦ ਲਿਆ ਹੈ ਤੇ ਉਹਨਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ।

# ਕੀ ਸੁਖਬੀਰ ਬਾਦਲ 2 ਡਿਪਟੀ ਬਣਾਉਣ ਦੇ ਫ਼ਾਰਮੂਲੇ ਨਾਲ ਮਿਸ਼ਨ-2022 ਕਰਨਗੇ ਫ਼ਤਿਹ ਜਾਂ ਫ਼ਿਰ ...?


ਮਜੀਠਾ (ਪੰਜਾਬੀ ਅਖਬਾਰ ਬਿਊਰੋ)- ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਵਿਵਾਦਾਂ 'ਚ ਘਿਰੀ ਤੇ ਧੜਿਆਂ 'ਚ ਵੰਡੀ ਜਾ ਚੁੱਕੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਕੌਮੀ ਪ੍ਰਧਾਨ ਸੁਖਬੀਰ ਬਾਦਲ ਵਲੋਂ ਅਗਲੇ ਵਰ੍ਹੇ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੱਲ ਜਿਸ ਤਰ੍ਹਾਂ ਆਪਣਾ ਧਿਆਨ ਕੇਂਦਰਿਤ ਕੀਤਾ ਜਾ ਰਿਹਾ, ਉਸ ਤੋਂ ਸਹਿਜੇ ਇਹ ਅੰਦਾਜ਼ਾ ਲਗਾ ਲਿਆ ਜਾਵੇ ਕਿ 2022 ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਹੁਣ ਤੋਂ ਹੀ ਕਮਰਕੱਸੀ ਬੈਠਾ ਹੈ। ਅਕਾਲੀ ਦਲ ਆਪਣੀ ਭਾਈਵਾਲ ਬਹੁਜਨ ਸਮਾਜ ਪਾਰਟੀ ਨਾਲ ਪੂਰੇ ਜ਼ੋਰਾਂ-ਸ਼ੋਰਾਂ ਨਾਲ ਮਿਸ਼ਨ 2022 ਨੂੰ ਫ਼ਤਿਹ ਕਰਨਾ ਚਾਹੁੰਦਾ ਹੈ।

ਇਸ 'ਚ ਕੋਈ 2 ਰਾਵਾਂ ਨਹੀਂ ਹੋਣਗੀਆਂ ਪਰ ਇਸ ਦੌਰਾਨ ਸੁਖਬੀਰ ਬਾਦਲ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਲਾਈ ਰੱਖਣ ਅਤੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਦੇ ਮਨਸੂਬਿਆਂ ਨੂੰ ਲੈ ਕੇ ਇਸ ਵੇਲੇ ਪੂਰੀ ਤਰ੍ਹਾਂ ਸਿਆਸੀ ਗਲਿਆਰਿਆਂ 'ਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਛੋਟੇ ਬਾਦਲ ਇਸ ਵਾਰ ਆਪਣੀ ਮੁੱਖ ਰਾਸ਼ਟਰੀ ਸਿਆਸੀ ਪਾਰਟੀ ਕਾਂਗਰਸ ਨੂੰ ਠਿੱਬੀ ਲਾਉਣ ਲਈ ਹਰ ਤਰ੍ਹਾਂ ਦਾ ਸਿਆਸਤ ਨਾਲ ਜੁੜਿਆ ਦਾਅਪੇਚ ਖੇਡਣ 'ਚ ਰਤੀ ਭਰੀ ਵੀ ਗੁਰੇਜ਼ ਨਹੀਂ ਕਰਨਗੇ।

ਪਰ ਦੂਜੇ ਪਾਸੇ, ਜਿਸ ਤਰ੍ਹਾਂ ਧੜਾ-ਧੜ ਅਕਾਲੀ ਦਲ-ਬਸਪਾ ਗੱਠਜੋੜ ਵਲੋਂ ਪੰਜਾਬ ਭਰ ਦੇ ਵੋਟਰਾਂ ਦਾ ਧਿਆਨ ਆਪਣੇ ਵਲ ਆਕਰਸ਼ਿਤ ਕਰਨ ਲਈ ਸੁਖਬੀਰ ਬਾਦਲ ਆਪਣੀ ਸਿਆਸਤ ਦੀ ਫ਼ਿਰਕੀ ਘੁੰਮਾ ਰਹੇ ਹਨ, ਉਸ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੈ। ਇਸ ਦੀ ਪਹਿਲੀ ਮਿਸਾਲ ਜਿੱਥੇ ਬਸਪਾ ਨਾਲ ਗੱਠਜੋੜ ਤੋਂ ਮਿਲਦੀ ਹੈ, ਉਥੇ ਦੂਜੀ ਮਿਸਾਲ ਡੈਮੋਕ੍ਰੇਟਿਕ ਪਾਰਟੀ ਔਫ਼ ਇੰਡੀਆ ਵਲੋਂ ਅਕਾਲੀ ਦਲ-ਬਸਪਾ ਗੱਠਜੋੜ ਦੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਪੂਰੀ ਹਮਾਇਤ ਕਰਨ ਦੇ ਕੀਤੇ ਐਲਾਨ ਤੋਂ ਸਾਹਮਣੇ ਆਉਂਦੀ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ 'ਚ ਚੱਲ ਰਹੇ ਕਲੇਸ਼ ਨੂੰ 3 ਮਹੀਨਿਆਂ ਦਾ ਸਮਾਂ ਜਿੱਥੇ ਬੀਤ ਚੁੱਕਾ ਹੈ, ਉੱਥੇ ਕਲੇਸ਼ ਤੋਂ ਕੌਮੀ ਪ੍ਰਧਾਨ ਸੁਖਬੀਰ ਬਾਦਲ ਪੂਰੀ ਤਰ੍ਹਾਂ ਫ਼ਾਇਦਾ ਚੁੱਕਦੇ ਹੋਏ ਪੰਜਾਬ ਦੀ ਸਿਆਸਤ 'ਚ ਆਪਣੀ ਪੈਠ ਬਣਾਉਣ ਨੂੰ ਤਰਜੀਹ ਦੇ ਰਹੇ ਹਨ। ਉਸ ਨਾਲ ਆਉਣ ਵਾਲੇ ਦਿਨਾਂ 'ਚ ਸੁਖਬੀਰ ਸਿੰਘ ਬਾਦਲ ਦੇ ਨਾਂ ਦੀ ਚਰਚਾ ਹਰੇਕ ਬੱਚੇ-ਬੱਚੇ ਦੀ ਜ਼ੁਬਾਨ 'ਤੇ ਹੋਵੇਗੀ, ਕਿਉਂਕਿ ਪੰਜਾਬ 'ਚ 10 ਸਾਲ ਲਗਾਤਾਰ ਰਾਜ ਕਰਨ ਵਾਲੀ ਅਕਾਲੀ ਦਲ ਬਾਦਲ ਦੀ ਪਿਛਲੀ ਸਰਕਾਰ ਨੇ ਜਿੱਥੇ ਪੰਜਾਬੀਆਂ ਨੂੰ ਵੱਧ ਤੋਂ ਵੱਧ ਲੋਕ ਭਲਾਈ ਸਕੀਮਾਂ ਦਾ ਲਾਭ ਦੇਣ ਦੇ ਨਾਲ-ਨਾਲ 'ਰਾਜ ਨਹੀਂ ਸੇਵਾ' ਦੇ ਨਾਂ 'ਤੇ ਆਟਾ-ਦਾਲ ਸਕੀਮ ਚਲਾਉਂਦਿਆਂ ਪੰਜਾਬ ਦੇ ਗਰੀਬ ਵਰਗ ਨਾਲ ਸਬੰਧਤ ਲਾਭਪਾਤਰੀਆਂ ਲਾਭ ਮੁਹੱਈਆ ਕਰਵਾਇਆ, ਜਿਸ ਨੂੰ ਉਹ ਭੁੱਲੇ ਨਹੀਂ ਹੋਣਗੇ। ਇਸ ਕਰ ਕੇ ਆਉਣ ਵਾਲੇ ਹਫ਼ਤਿਆਂ 'ਚ ਹੋ ਸਕਦਾ ਹੈ ਕਿ ਅਕਾਲੀ ਦਲ (ਬ)-ਬਸਪਾ ਗੱਠਜੋੜ ਦਾ ਪੱਲੜਾ ਭਾਰੀ ਹੋ ਜਾਵੇ ਅਤੇ ਕਾਂਗਰਸ ਪਾਰਟੀ ਕੱਖੋਂ ਹੌਲੀ ਪੈ ਜਾਵੇ। ਹੁਣ ਹਾਲ 'ਚ ਦਲਿਤ ਵੋਟ ਬੈਂਕ ਦੇ ਸਹਾਰੇ ਪੰਜਾਬ ਦੀ ਸੱਤਾ ਹਥਿਆਉਣ ਦੇ ਮੰਤਵ ਨਾਲ ਸੁਖਬੀਰ ਬਾਦਲ ਨੇ ਜਿੱਥੇ ਪਹਿਲਾਂ ਡਿਪਟੀ ਸੀ. ਐੱਮ. ਦਲਿਤ ਭਾਈਚਾਰੇ 'ਚੋਂ ਬਣਾਉਣ ਦਾ ਐਲਾਨ ਕੀਤਾ ਸੀ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਹੁਣ ਸੂਬੇ ਦੇ ਹਿੰਦੂ ਵੋਟ ਬੈਂਕ ਨੂੰ ਵੀ ਆਪਣੇ ਨਾਲ ਜੋੜਨ ਦੇ ਮਨੋਰਥ ਨੂੰ ਲੈ ਕੇ ਸੁਖਬੀਰ ਵਲੋਂ ਦੂਜਾ ਡਿਪਟੀ ਸੀ. ਐੱਮ. ਹਿੰਦੂ ਚਿਹਰੇ ਨੂੰ ਬਣਾਉਣ ਦੇ ਕੀਤੇ ਐਲਾਨ ਨਾਲ ਚਾਹੇ ਹਿੰਦੂ ਵੋਟਰਾਂ 'ਚ ਖੁਸ਼ੀ ਦੀ ਲਹਿਰ ਫ਼ੈਲ ਗਈ ਹੋਵੇਗੀ।

## ਇਜ਼ਰਾਇਲ ਦੀ ਫ਼ਰਮ ਪੈਗਾਸਸ ਪੱਤਰਕਾਰਾਂ ਅਤੇ ਲੀਡਰਾਂ ਦੇ ਫੋਨ ਟੈਪ ਕਰਦੀ ਰਹੀ ਐ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਚਰਚਿਤ ਲੋਕਾਂ ਦੇ ਫੋਨਾਂ ਦੀ ਕਥਿੱਤ ਜਾਸੂਸੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਰਿਪੋਰਟ ਵਿੱਚ ਦਾਵਾ ਕੀਤਾ ਗਿਆ ਹੈ ਕਿ ਦੁਨੀਆ ਭਰ ਵਿੱਚੋਂ ਸੈਂਕੜੇ ਪੱਤਰਕਾਰਾਂ ਅਤੇ ਦੂਜੇ ਲੋਕਾਂ ਦੇ ਫੋਨ ਟੈਪ ਕੀਤੇ ਜਾ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਇਜ਼ਰਾਇਲ ਦੀ ਫ਼ਰਮ ਪੈਗਾਸਸ ਵੱਲੋਂ ਇਹ ਫੋਨ ਕਥਿਤ ਟੈਪ ਕੀਤੇ ਜਾ ਰਹੇ ਸਨ। 40 ਪੱਤਰਕਾਰਾਂ, ਵਿਰੋਧੀ ਧਿਰਾਂ ਦੇ 3 ਵੱਡੇ ਆਗੂ, ਇਕ ਸੰਵਧਾਨਕ ਅਹੁਦੇ 'ਤੇ ਬੈਠੇ ਵਿਅਕਤੀ, 2 ਮੰਤਰੀਆਂ, ਸੁਰਖਿਆ ਏਜੰਸੀਆਂ ਦੇ ਕਈ ਮੁਖੀਆਂ ਦੇ ਨਾਮ ਜਾਰੀ ਕੀਤੇ ਗਏ ਹਨ ਜਿਹਨਾਂ ਬਾਰੇ ਦੱਸਿਆ ਜਾ ਰਿਹਾ ਹੈ ਕਿ ਉਹਨਾਂ ਦੇ ਟੈਲਿਫੋਨ ਟੈਪ ਕੀਤੇ ਜਾ ਰਹੇ ਸਨ।

## ਵਿਚਲੀ ਗੱਲ

# ਤੈਨੂੰ ਕਾਹਦਾ ਚਾਅ ਚੜ੍ਹਿਆ..!



ਕੋਈ ਕਹੇਗਾ, ਗੁਰੂ ਛਾਇਆ, ਕੋਈ ਕਹੇਗਾ, ਸਿੱਧੂ ਆਇਆ, ਨਵੀਆਂ ਗੁੱਡੀਆਂ ਨਵੇਂ ਪਟੋਲੇ, ਨਵਾਂ ਐਡੀਸਨ ਲੈ ਕੇ ਆਇਆ। ਦਿੱਲੀਓਂ ਆਈ ਖ਼ਬਰ, ਦਸੌਂਧਾ ਸਿਓਂ ਨੇ ਭੰਗੜਾ ਪਾਇਆ, ਖਿਝ ਕੇ ਘਰ ਵਾਲੀ ਬੋਲੀ, 'ਤੈਨੂੰ ਕਾਹਦਾ ਚਾਅ ਚੜ੍ਹਿਆ।' ਦਸੌਂਧਾ ਸਿੰਘ ਉਦੋਂ ਵੀ ਮੀਰਾ ਤੋਂ ਵੱਧ ਨੱਚਿਆ ਸੀ, ਜਦ ਹੱਥ 'ਚ ਖੂੰਡਾ ਲੈ ਅਮਰਿੰਦਰ ਗੱਜਿਆ ਸੀ। ਜੈਕਾਰੇ ਉਦੋਂ ਵੀ ਛੱਡੇ, ਜਦੋਂ ਅਮਰਿੰਦਰ ਬੋਲੇ ਸੀ, 'ਆਹ ਗੁਟਕਾ ਸਾਹਿਬ ਦੀ ਸਹੁੰ..!'

ਰਾਜ ਨੇਤਾ ਹਮੇਸ਼ਾ ਅਗਲੀ ਚੋਣ ਬਾਰੇ ਸੋਚਣੈ,ਭਲਾ ਨੇਤਾ ਅਗਲੀ ਪੀੜੀ ਬਾਰੇ ਪ੍ਰਸ਼ਾਂਤ ਕਿਸ਼ੋਰ ਨੇ, ਜ਼ਰੂਰ ਕੁਝ ਸੋਚ ਨਵਜੋਤ ਸਿੱਧੂ ਨੂੰ ਪ੍ਰਧਾਨ ਬਣਾਇਐ। ਲਓ ਜੀ! ਹੁਣ ਸ਼ੇਰ ਨਹੀਂ, ਬੱਬਰ ਸ਼ੇਰ ਆਇਐ। ਜਤਿੰਦਰ ਪੰਨੂ ਖਿਝ ਕੇ ਬੋਲੇ, 'ਪੰਜਾਬ ਕੋਈ ਜੰਗਲ ਨਹੀਂ।' ਪਹਿਲਾਂ ਇੱਕ ਲਤੀਫ਼ਾ ਹੋ ਜੇ। ਲਾਲੂ ਪ੍ਰਸ਼ਾਦ ਉਦੋਂ ਮੁੱਖ ਮੰਤਰੀ ਸਨ। ਜਾਪਾਨੀ ਆਗੂ ਪੂਰਾ ਬਿਹਾਰ ਘੁੰਮ ਕੇ ਬੋਲੇ, 'ਮਿਸਟਰ ਲਾਲੂ! ਸਾਨੂੰ ਸਿਰਫ਼ 6 ਮਹੀਨੇ ਲਈ ਬਿਹਾਰ ਦਿਓ, ਅਸੀਂ ਜਾਪਾਨ ਬਣਾ ਦਿਆਂਗੇ।' ਲਾਲੂ ਦਾ ਆਤਮ-ਵਿਸ਼ਵਾਸ ਵੇਖੋ, 'ਜਾਪਾਨੀ ਬਾਬੂ! ਸਾਨੂੰ 6 ਦਿਨਾਂ ਲਈ ਹੀ ਜਾਪਾਨ ਦੇ ਦਿਓ, ਅਸੀਂ ਬਿਹਾਰ ਬਣਾ ਦਿਆਂਗੇ।' 'ਬੱਦਲ ਚੜ੍ਹਿਆ ਚੰਬਲੋਂ, ਡੰਗਰ ਵੱਛੇ ਸਾਂਭ' ਲੋ।'

ਨਵੇਂ ਪ੍ਰਧਾਨ ਸਿੱਧੂ ਨੂੰ ਕੰਨ 'ਚ ਦੱਸੋ, ਪੰਜਾਬ ਕਿਹੋ ਜੇਹਾ ਬਣਾਉਣੈ। ਫ਼ੇਰ ਚਾਹੇ ਘੁਰਾੜੇ ਮਾਰਿਓਂ। 18 ਮੁੱਦੇ ਆਹ ਛੇਆਂ ਮਹੀਨਿਆਂ 'ਚ ਪੂਰੇ ਕਰਾਊਂ। ਸਰਦਾਰ ਭਗਵੰਤ ਸਿੰਘ ਦਾ ਇਮਾਨੀ ਮੁੰਡਾ ਸਭ ਨੂੰ ਭਾਜੜ ਪਾਊ। ਬੱਸ ਹੁਣ ਸਿਹਰਾਬੰਦੀ ਹੋਣੀ ਐ। ਕਾਂਗਰਸੀ ਵਿਹੜੇ ਕੜਾਹੀ ਚੜ੍ਹੀ ਹੈ। ਦਿਨ ਸ਼ਗਨਾਂ ਦਾ ਆਇਐ, ਨਾਲੇ ਪਰੀਹੇ ਵੀ। ਬਰਾਤ ਦੀ ਤਿਆਰੀ ਸੀ, ਆਹ ਅਮਰਿੰਦਰ ਸਿਓਂ ਐਵੇਂ 'ਫ਼ੁੱਫੜ' ਬਣ ਬੈਠਾ ਸੀ। ਅਖੇ, ਪਹਿਲਾਂ ਸਿੱਧੂ ਮੁਆਫ਼ੀ ਮੰਗੇ, ਐਂ ਬਰਾਤ ਕਿਵੇਂ ਚੜੂ। 'ਰੱਬ ਬੰਦੇ ਦੀਆਂ ਸਕੀਮਾਂ 'ਤੇ ਹੱਸਦੈ।' ਪ੍ਰਤਾਪ ਬਾਜਵਾ ਸਿੱਧੇ ਅਮਰਿੰਦਰ ਕੋਲ ਘਰੇ ਗਏ। ਦੋਹੇਂ ਆਗੂ ਖੁਸ਼ਨੁਮਾ ਅੰਦਾਜ਼ 'ਚ ਬੈਠੇ, ਚਿੱਟੇ ਦੁੱਧ ਵਰਗੇ ਲਿਬਾਸ, ਮਜਾਲ ਐ ਕੋਈ ਦਾਗ ਦਿਖ'ਜੇ। 'ਬੇਰੀਆਂ ਦੇ ਬੇਰ ਪੱਕਗੇ, ਰੁੱਤ ਯਾਰੀਆਂ ਲਾਉਣ ਦੀ ਆਈ।' ਕੋਈ ਲੱਖ ਕਹੇ, ਸਿੱਧੂ ਨੂੰ ਮਿਲਣੈ ਔਖੇ। ਔਹ ਦੇਖੋ, ਕਿਵੇਂ ਸਰੀਕੇ ਕਬੀਲੇ 'ਚ ਪੈਰੀਂ ਹੱਥ ਲਾਉਂਦਾ ਫ਼ਿਰਦੈ। ਏਨੀ ਨਿਮਰਤਾ, ਰਹੇ ਰੱਬ ਦਾ ਨਾਂ। ਮਸੀਹਾ ਬਣਨਾ ਹੋਵੇ, ਸਲੀਬ ਆਪ ਚੁੱਕਣੀ ਪੈਂਦੀ ਹੈ। ਟਕਸਾਲੀ ਬਾਬੇ 'ਸਿੱਧੂ' ਦੇ ਦਰਸ਼ਨ-ਦੀਦਾਰੇ ਕਰ ਧੰਨ ਹੋ ਗਏ। ਅਮਰਿੰਦਰ ਕਹਿੰਦਾ, 'ਪਹਿਲਾਂ ਮੁਆਫ਼ੀ ਮੰਗੋ, ਮਗਰੋਂ ਦਰਸ਼ਨ ਦਿਆਂਗੇ।'

ਨਵਜੋਤ ਨੂੰ ਸੁਰਮਾ ਪਾਉਣਾ, ਨਾਲੇ ਮਟਕਾਉਣਾ ਵੀ ਆਉਂਦੈ। ਸੁਰਮਚੂ ਪਰਗਟ ਸਿੰਘ ਫ਼ੜੀ ਖੜ੍ਹੈ, ਲੱਗਦੇ ਹੁਣ ਰੁੱਸੇ 'ਫ਼ੁੱਫੜ' ਨੂੰ ਕੀਹਨੇ ਮਨਾਉਣੈ। ਗਲੀ 'ਚ ਭਗਵੰਤ ਮਾਨ ਗੇੜੇ ਮਾਰਦਾ ਫ਼ਿਰਦੈ, ਹੱਥ 'ਚ ਖੁਰਚਣੈ, ਅਖੇ ਟਵੀਟਾਂ ਦਾ ਹਿਸਾਬ ਲਵਾਂਗੇ। ਲੜਾਈ ਸਿੱਧੂਆਂ ਦੀ, ਮਾਨ ਐਵੇਂ ਟੰਗ ਅੜਾ ਰਿਹੈ। ਨਵਜੋਤ ਵੀ ਸਿੱਧੂ, ਅਮਰਿੰਦਰ ਵੀ ਸਿੱਧੂ, ਦੋਵੇਂ ਪਟਿਆਲੇ ਦੇ, ਇੱਕ ਪਜਾਮੀ ਪਾਉਂਦੈ, ਦੂਜਾ ਸਲਵਾਰ। ਇੱਕ ਕੁਰਸੀ ਬਚਾਉਣ ਲਈ, ਦੂਜਾ ਪਾਉਣ ਲਈ ਲੜ ਰਿਹੈ। ਇੱਕ ਸਿੱਧੂ ਘੱਟ ਬੋਲਦੈ, ਦੂਜਾ ਬੋਲਣੋਂ ਨਹੀਂ ਹਟਦਾ।

ਜਦੋਂ ਨਵਜੋਤ ਕਾਂਗਰਸੀ ਸਜੇ, ਉਦੋਂ ਅਮਰਿੰਦਰ ਕੋਲ ਝੁਕ ਕੇ ਬੋਲੇ 'ਡੈਡੀ ਜੀ ਪੈਰੀਂ ਪੈਨੈ।' ਵੱਡੇ ਬਾਦਲ ਫ਼ੌਰੀ ਬੋਲੇ, 'ਸਿੱਧੂ ਮੈਨੂੰ ਵੀ ਪਿਓ ਕਹਿੰਦਾ ਹੁੰਦਾ ਸੀ।' ਬਾਦਲਾਂ ਨੂੰ ਸਿੱਧੂ ਬਹੁਤ ਪੈਂਦੈ, ਪੈਰੀਂ ਪੈਣ ਵਾਲਾ ਸਿੱਧੂ ਕਦੇ ਕੁਰਸੀ ਨੂੰ ਪਊ, ਅਮਰਿੰਦਰ ਦੇ ਕਿੱਥੇ ਚੇਤੇ ਸੀ। 'ਸ਼ਰੀਕ ਤਾਂ ਮਿੱਟੀ ਦਾ ਮਾਣ ਨਹੀਂ ਹੁੰਦਾ।' ਢੋਲੀ ਆਖਦੇ ਨੇ, ਸਾਨੂੰ ਘਾਟਾ ਪੈ ਰਿਹੈ, ਬਰਾਤ ਚੜ੍ਹਾਓ, ਗੱਲ ਮੁਕਾਓ। ਹਾਈ ਕਮਾਨ ਨੇ ਤਾਂ ਮੁਕਾ'ਤੀ, ਹੁਣ ਵਜਾਓ ਢੋਲ। 'ਤੁਹਾਡੀ ਬੁੱਧੀ ਹੀ ਤੁਹਾਡੀ ਗੁਰੂ ਹੁੰਦੀ ਹੈ।' ਟਵੀਟਾਂ 'ਤੇ ਨਵਜੋਤ ਨੇ ਮੁਆਫ਼ੀ ਮੰਗੀ ਤਾਂ ਕਿਤੇ ਪੰਗਾ ਨਾ ਪੈ ਜਾਏ। ਪੰਜਾਬ ਜ਼ਰੂਰ ਗਲ ਪੈ ਸਕਦੈ, ਮੁਆਫ਼ੀ ਦਾ ਮਤਲਬ ਬੇਅਦਬੀ ਦੇ ਮਾਮਲੇ, ਨਸਿਆਂ ਅਤੇ ਮਾਫ਼ੀਏ ਦੇ ਖਾਤਮੇ ਤੋਂ ਮੁਕਰਨਾ। ਖੁਸ਼ੀ ਦੀ ਲਹਿਰ ਸ਼ੰਭੂ ਖੜ੍ਹੀ ਐ, ਅਖੇ ਕਰੋ ਸਿਹਰਾਬੰਦੀ, ਮੈਂ ਦੌੜਨੈ। ਕਿਸੇ ਪੇਂਡੂ ਘਰ 'ਚ ਪੋਤਰਾ ਟੀਵੀ 'ਤੇ ਸਿੱਧੂ ਨੂੰ ਵੇਖ ਬੋਲਿਆ, ਦਾਦੀ-ਦਾਦੀ! ਔਹ ਵੇਖੋ 'ਟਵੀਟਾਂ ਵਾਲਾ'। ਅਨਪੜ੍ਹ ਦਾਦੀ, ਸਿੱਧੂ ਦੇ ਹੱਥਾਂ ਤੇ ਲਾਲ ਖੰਬਣੀਆਂ ਦੇਖ ਬੋਲੀ... 'ਏਹ ਤਬੀਤਾਂ ਵਾਲਾ ਬਾਬਾ ਕੌਣ ਐ।' ਕੋਲ ਖੜ੍ਹ ਅਮਲੀ ਨੇ ਮਸਕਰੀ ਕੀਤੀ। ਅੰਬੋ! ਪੰਜਾਬ ਨੇ ਜਦੋਂ ਤੋਂ ਟੂਣਾ ਟੱਪਿਐ, ਓਪਰੀ ਕਸਰ ਚਿੰਬੜੀ ਐ, ਸੁੱਕ ਕੇ ਤੀਲਾ ਬਣਿਐ। ਹੁਣ ਤਬੀਤਾਂ ਵਾਲਾ ਯਾਨਿ ਕਿ ਨਵਾਂ ਪ੍ਰਧਾਨ ਨਵਜੋਤ ਸਿੱਧੂ ਹਥੌਲਾ ਪਾਊ। 'ਅੱਗੇ ਤੇਰੇ ਭਾਗ ਲੱਛੀਏ।'

ਪੰਜਾਬੀ ਮਾਵਾਂ ਨੇ ਪੁੱਤ 'ਵਰਕਰ' ਬਣਾਉਣ ਲਈ ਨਹੀਂ ਜੰਮੇ। ਹੁਣ ਕਹੋਗੇ 'ਚੱਕ ਦਿਓ ਫ਼ੱਟੇ, ਨੱਪ ਦਿਓ ਕਿੱਲੀ।' ਸਿੱਧੂ ਸਾਹਬ! ਫ਼ਿਕਰ ਛੱਡੋ, ਜ਼ਰੂਰ ਠੋਕਣਗੇ ਤਾਲੀ। ਪਿਆਰਿਓ! ਨਾਅਰੇ ਲਾਇਓ... ਜਦੋਂ ਸਸਤੀ ਬਿਜਲੀ ਦੇ ਲਾਟੂ ਜਗੇ। ਭੰਗੜੇ ਪਾਇਓ... ਜਦੋਂ ਹੱਥਾਂ ਨੂੰ ਰੁਜ਼ਗਾਰ ਮਿਲੇ। ਮਿੱਠਾ ਵੀ ਖਾਇਓ... ਜਦ ਨਸੇ ਮੁੱਕ ਗਏ। ਸ਼ੁੱਕਰ ਮਨਾਇਓ... ਜਦ ਬੇਅਦਬੀ ਦੇ ਦੋਸ਼ੀ ਫ਼ੜੇ। ਢੋਲੇ ਦੀਆਂ ਲਾਇਓ... ਜਦ ਸੱਥਰ ਵਿਛਣੋਂ ਰੁਕ ਗਏ। ਢੋਲ ਵਜਾਇਓ... ਜਦ ਰਾਮ ਰਾਜ ਆਇਐ। 'ਰਾਹਾਂ ਨੂੰ ਉਲ੍ਹਾਮੇ ਦੇਣ ਨਾਲੋਂ ਆਪ ਤੇਜ ਤੁਰੋ।'

ਪੰਜਾਬ ਤੋਂ ਭੁੱਲ ਹੋਈ ਐ, ਹੁਣ ਪਛਤਾ ਰਿਹੈ। ਕਿਤੇ ਪ੍ਰਧਾਨ ਜੀ ਨੂੰ 25 ਸਾਲ ਦਿੱਤੇ ਹੁੰਦੇ, ਨਕ;ਾ ਬਦਲ ਜਾਂਦਾ। ਜਾਪਾਨੀ ਵੀ ਸੋਚਦੇ, ਬਈ! ਅਸੀਂ 50 ਸਾਲ ਪਿੱਛੇ ਕਿਵੇਂ ਪੈ ਗਏ। 'ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਐ।' ਨਵਜੋਤ ਸਿੱਧੂ ਬਰੈਂਡ ਨਿਊ ਪ੍ਰਧਾਨ ਨੇ। ਅੰਤਾਂ ਦਾ ਜਜਬੈ, ਸੱਚੀ ਗੱਲ ਤੋਂ, ਮਜਾਲ ਐ ਪਿਛਾਂਹ ਹਟਣ। ਥੋਡੇ ਉਦੋਂ ਮੱਥੇ ਲੱਗਣਗੇ, ਜਦੋਂ ਟਵੀਟਾਂ ਵਾਲੇ 18 ਨੁਕਤੇ ਅਮਰਿੰਦਰ ਤੋਂ ਪੂਰੇ ਕਰਾ ਲਏ।

ਕਿਸਾਨ ਜ਼ਿੰਦਗੀ ਦੀ ਜੀਰੋ ਲਾਈਨ 'ਤੇ ਬੈਠੈ। ਜੰਗ ਪੈਲੀਆਂ ਲਈ ਹੈ। ਉਪਰੋਂ ਘਰਾਂ ਦੇ ਉਜਾੜੇ ਦਾ ਤੌਖਲੈ, ਅੱਖਾਂ ਵਿੱਚ ਪਾ ਅੱਖਾਂ, ਦਿੱਲੀ ਵੱਲ ਦੇਖ ਰਿਹੈ। ਅੰਨਦਾਤਾ ਭਾਜੀ ਮੋੜਨ ਤੁਰਿਐ। ਜਾਗੇ ਲੋਕ ਦਿੱਲੀ ਬੈਠੇ ਨੇ। ਸੁੱਤਿਆਂ ਦਾ ਕਰੀਏ! ਜੋ ਸਿਆਸੀ ਰੈਲੀਆਂ 'ਚ ਹੇਕਾਂ ਲਾਉਣਗੇ... ਜਿੱਤੂਗਾ ਬਈ ਜਿੱਤੂਗਾ! ਕੋਈ ਗਾ ਰਿਹੈ... 'ਤਖਤੇ ਨਹੀਂ ਪਲਟਾਉਣੇ ਸੱਜਣਾਂ, ਵਿਕੀਆਂ ਵੋਟਾਂ ਨੇ।' ਦਰਅਸਲ, ਜਦੋਂ ਰੱਬ ਨੇ ਅਕਲ ਵੰਡੀ, ਏਹ ਤਖਤੇ▲ ਉਹਲੇ ਲੁਕ ਗਏ। ਕਿਤੇ ਅਕਲ ਬਦਾਮ ਛਕਣ ਨਾਲ ਆਉਂਦੀ, ਐੱਨ.ਆਰ.ਆਈ. ਭਰਾਵਾਂ ਨੂੰ ਆਖਦਾ, ਬਈ! ਐਤਕੀਂ ਬਦਾਮਾਂ ਦੇ ਜਹਾਜ਼ ਭੇਜੋ। ਪੰਜਾਬ ਦੀ ਹਾਲਤ ਤਾਂ ਚੁੰਨੀ ਚੜ੍ਹਾਉਣ ਵਾਲੀ ਬਣੀ ਐ। ਕਾਂਗਰਸੀ ਹੁਣ ਸਿਹਰਾਬੰਦੀ 'ਚ ਜੁਟਣਗੇ। ਪ੍ਰਧਾਨ ਸਿੱਧੂ ਅੱਗੇ ਕੰਡੇ ਹੀ ਕੰਡੇ ਹਨ। 2 ਦਿਨਾਂ ਤੋਂ ਚੁਗਣੇ ਸ਼ੁਰੂ ਕੀਤੇ ਨੇ। ਇੱਧਰ, ਘਾਹੀ ਘਾਹ ਖੋਤ ਰਹੇ ਨੇ। ਕਾਲੇ ਝੰਡਿਆਂ ਦਾ ਪਿੰਡਾਂ 'ਚ ਹੜ੍ਹ ਆਇਐ, ਨੇਤਾ ਕਿਧਰ ਜਾਣ।

ਜਾਂਦੇ-ਜਾਂਦੇ ਇੱਕ ਲਤੀਫ਼ਾ ਹੋਰ ਜੋ ਕਿਸੇ ਦੋਸਤ ਨੇ ਸੁਣਾਇਐ। 'ਕਿਸਾਨਾਂ ਦੀ ਕੁੱਟ ਤੋਂ ਅੱਕੇ ਗਿੱਦੜਾਂ ਨੇ ਸਭਾ ਬੁਲਾਈ। ਵੱਡੀ ਉਮਰ ਦੇ ਗਿੱਦੜ ਨੂੰ ਪ੍ਰਧਾਨ ਚੁਣਿਆ ਗਿਆ। ਪਛਾਣ ਵਜੋਂ ਪੂਛ 'ਤੇ ਛੱਜ ਬੰਨ'ਤਾ। ਖੇਤਾਂ 'ਤੇ ਹੱਲਾ ਬੋਲਿਆ, ਅੱਗਿਓਂ ਕਿਸਾਨ ਪੈ ਨਿਕਲੇ। ਗਿੱਦੜ ਖੱਡਾਂ 'ਚ ਵੜ ਗਏ। ਪ੍ਰਧਾਨ ਜੀ, ਖੁੱਡ 'ਚ ਵੜਨ ਲੱਗੇ, ਪਿੱਛੋਂ ਛੱਜ ਫ਼ਸ ਗਿਆ। ਕਿਸਾਨਾਂ ਨੇ ਪ੍ਰਧਾਨ ਨੂੰ ਛੱਜ ਤੋਂ ਫ਼ੜ ਕੇ ਧੂਹ ਲਿਆ, ਕੁੱਟ-ਕੁੱਟ ਕਰ'ਤਾ ਬੁਰਾ ਹਾਲ। ਕਿਸਾਨ ਗਏ ਤਾਂ ਖੁੱਡਾਂ 'ਚੋਂ ਨਿਕਲੇ ਗਿੱਦੜਾਂ ਨੇ 'ਪ੍ਰਧਾਨ' ਦਾ ਹਾਲ ਦੇਖ ਕਿਹਾ, ਜਨਾਬ! ਸਿਆਣੇ-ਬਿਆਣੇ ਹੋ, ਭੱਜ ਕੇ ਖੁੱਡ 'ਚ ਵੜਦੇ, ਆਹ ਕੀ ਹਾਲ ਬਣਾਇਐ। ਅੱਗਿਓਂ ਪ੍ਰਧਾਨ ਜੀ ਬੋਲੇ, ਵੜਦਾ ਕਿਵੇਂ, ਆਹ ਪਿੱਛੇ ਜਿਹੜਾ ਪ੍ਰਧਾਨਗੀ ਦਾ ਛੱਜ ਬੰਨਿਐ, ਏਹ ਵੜਨ ਨਹੀਂ ਦਿੰਦਾ।'

(ਚਰਨਜੀਤ ਭੁੱਲਰ)

